RNI Registration No: PUNPUN/2015/61118

SO KAHIYAT HAI SOORA (MONTHLY)
Volume 8 Issue 10
October 2022, S.A.S. Nagar (Mohali)

ਅਕਤੂਬਰ 2022
ਅੱਸੂ-ਕੱਤਕ
੫੫੪ ਨਾਨਕਸ਼ਾਹੀ
₹20

# ਸੋ ਕਹੀਅਤ ਹੈ ਸੂਰਾ



ਜਬ ਲਗ ਖਾਲਸਾ ਰਹੇ ਨਿਆਰਾ ॥
ਤਬ ਲਗ ਤੇਜ ਦੀਓ ਮੈਂ ਸਾਰਾ ॥

ਹੁਣ ਤੁਸੀਂ 'ਸੋ ਕਹੀਅਤ ਹੈ ਸੂਰਾ' ਲਈ ਚੰਦਾ ਅਤੇ ਮਾਇਕ ਸਹਾਇਤਾ ਬੈਂਕ ਜ਼ਰੀਏ ਵੀ ਭੇਜ ਸਕਦੇ ਹੋ।

ਬੈਂਕ ਅਕਾਊਂਟ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| | |
|---|---|
| Name of Account: | SO KAHIYAT HAI SOORA |
| Name of Bank: | Bank of Baroda |
| Branch: | Sector 59, Mohali. (Punjab) |
| Account No: | 36770200000150 |
| Swift Code: | BARBINBBCHD |
| IFSC Code: | BARB0SECMOH |

## ਚੰਦੇ ਪ੍ਰਤੀ ਬੇਨਤੀ

'ਸੋ ਕਹੀਅਤ ਹੈ ਸੂਰਾ' ਦੇ ਪਾਠਕ ਜਨਾਂ ਅਤੇ ਸਮੁੱਚੀਆਂ ਸੰਗਤਾਂ/ ਸਹਿਯੋਗੀਆਂ ਦੇ ਅਸੀਂ ਧੰਨਵਾਦੀ ਹਾਂ, ਜਿਨ੍ਹਾਂ ਦੇ ਸਹਿਯੋਗ ਨਾਲ ਤੁਹਾਡਾ ਆਪਣਾ ਗੁਰਮਤਿ ਮਾਸਿਕ ਪੱਤਰ ਸਫ਼ਲਤਾ ਦੇ ਨਾਲ ਚੱਲ ਰਿਹਾ ਹੈ। ਪਾਠਕ ਜਨਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਸਾਲਾਨਾ ਚੰਦੇ ਖ਼ਤਮ ਹੋ ਗਏ ਹਨ, ਕਿਰਪਾ ਕਰਕੇ ਸਾਲਾਨਾ ਸਮਾਗਮਾਂ ਮੌਕੇ ਜਾਂ ਆਪਣੇ ਨੇੜਲੇ ਸਾਡੇ ਪ੍ਰਤੀਨਿਧ/ ਸਾਡੇ ਮੁੱਖ ਦਫ਼ਤਰ ਵਿਚ/ ਬੈਂਕ ਖ਼ਾਤੇ ਵਿਚ ਚੰਦਿਆਂ ਦੀ ਮਾਇਆ ਭੇਜਣ ਦੀ ਕਿਰਪਾਲਤਾ ਕਰਨੀ। ਇਸ ਦੇ ਨਾਲ ਹੀ ਬੈਂਕ ਅਕਾਊਂਟ 'ਚ ਜੇਕਰ ਆਪ ਚੰਦਿਆਂ ਦੀ ਮਾਇਆ ਭੇਜਦੇ ਹੋ ਤਾਂ ਇਸ ਤੋਂ ਬਾਅਦ ਫ਼ੋਨ ਨੰਬਰ : 93577-23874 'ਤੇ ਫ਼ੋਨ ਕਰਕੇ ਸੂਚਿਤ ਕਰਨ ਦੀ ਵੀ ਕ੍ਰਿਪਾਲਤਾ ਕਰਨੀ ਜੀ।

'ਸੋ ਕਹੀਅਤ ਹੈ ਸੂਰਾ' ਨਾਲ ਸੰਬੰਧਤ ਕਿਸੇ ਵੀ ਸ਼ਿਕਾਇਤ ਜਾਂ ਸੁਝਾਅ ਨੂੰ ਤੁਸੀਂ ਸਾਡੇ ਵਟਸਐਪ ਨੰਬਰ : +91-93577-23874 'ਤੇ ਭੇਜ ਸਕਦੇ ਹੋ।

**See Online Edition :**

**www.akjmagazine.com**

**www.facebook.com/skhsoora**

ਹੁਣ 'ਸੋ ਕਹੀਅਤ ਹੈ ਸੂਰਾ' ਤੁਸੀਂ ਅਖੰਡ ਕੀਰਤਨੀ ਜਥੇ ਦੀ ਅਧਿਕਾਰਤ ਵੈੱਬਸਾਈਟ www.akj.org 'ਤੇ ਵੀ ਪੜ੍ਹ ਸਕਦੇ ਹੋ।




## ਖ਼ਾਲਸਾ ਪੰਥ ਦੀ ਸ਼ਾਨ

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ। ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖ਼ਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ। ਕਿਉਂਕਿ ਮਿਲਗੋਭਾ ਨਾ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ। ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ।

# SO KAHIYAT HAI SOORA
(Monthly)

**RNI NO: PUNPUN/2015/61118**

Volume 8 Issue 10



### ਸਰਪ੍ਰਸਤ
**ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਦੀ ਗੁਰਮਤਿ ਵਿਚਾਰਧਾਰਾ।**

### ਕਾਰਜਕਾਰੀ ਸੰਪਾਦਕ
**ਭਾਈ ਮਨਵੀਰ ਸਿੰਘ**

### ਕਾਨੂੰਨੀ ਸਲਾਹਕਾਰ
**ਐਡਵੋਕੇਟ ਭਾਈ ਅਮਰਜੀਤ ਸਿੰਘ ਅੰਮ੍ਰਿਤਸਰ**

### ਸਲਾਹਕਾਰ ਬੋਰਡ
**ਭਾਈ ਹਰਦਿਆਲ ਸਿੰਘ ਗੁਰਦਾਸਪੁਰ,**
**ਭਾਈ ਭੁਪਿੰਦਰ ਸਿੰਘ ਅੰਮ੍ਰਿਤਸਰ,**
**ਭਾਈ ਹਰਮੋਹਿੰਦਰਪਾਲ ਸਿੰਘ ਮੋਹਾਲੀ,**
**ਭਾਈ ਇੰਦਰਜੀਤ ਸਿੰਘ ਵੈਨਕੂਵਰ।**


# ਸੰਪਾਦਕੀ

## ਸ੍ਰੀ ਗੁਰੂ ਰਾਮਦਾਸ ਜੀ...

ਸ੍ਰੀ ਗੁਰੂ ਰਾਮਦਾਸ ਜੀ ਗੁਰੂ ਨਾਨਕ-ਪਰੰਪਰਾ ਤੇ ਸਿੱਖ ਧਰਮ ਦੀ ਚੌਥੀ ਗੁਰੂ ਸ਼ਖ਼ਸੀਅਤ ਹਨ। ਸਿੱਖ ਜਗਤ ਵਿਚ ਉਨ੍ਹਾਂ ਨੂੰ ਕਦੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬਾਨੀ ਕਹਿ ਕੇ, ਕਦੇ ਸੋਢੀ ਸੁਲਤਾਨ ਕਹਿ ਕੇ, ਕਦੇ ਸੱਚੇ ਪਾਤਿਸ਼ਾਹ ਕਹਿ ਕੇ ਤੇ ਕਦੇ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਕਹਿ ਕੇ ਸਿਮਰਤੀ ਦਾ ਅੰਗ ਬਣਾਇਆ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ, ਜਿਨ੍ਹਾਂ ਨੂੰ ਘਰ-ਪਰਿਵਾਰ ਵਿਚ ਪਹਿਲਾ ਬੱਚਾ ਹੋਣ ਕਰਕੇ 'ਭਾਈ ਜੇਠਾ' ਨਾਮ ਨਾਲ ਹੀ ਬੁਲਾਇਆ ਜਾਂਦਾ ਸੀ, ਹਾਲੇ ੭ ਸਾਲ ਦੇ ਹੀ ਸਨ, ਕਿ ਪਹਿਲਾਂ ਮਾਤਾ ਅਨੂਪੀ ਜੀ ਤੇ ਫਿਰ ਪਿਤਾ ਸੋਢੀ ਹਰਿਦਾਸ ਜੀ, ਵਾਰੋ ਵਾਰੀ ਪ੍ਰਭੂ-ਹੁਕਮ ਵਿਚ ਚਲਾਣਾ ਕਰ ਗਏ। ਸ੍ਰੀ ਗੁਰੂ ਰਾਮਦਾਸ ਜੀ ਦੀ ਸਮਾਜਕ ਤੇ ਆਰਥਕ ਸਥਿਤੀ ਇਸ ਉਮਰ ਵਿਚ ਇਕ ਯਤੀਮ ਤੇ ਲਾਵਾਰਸ ਵਰਗੀ ਹੀ ਸੀ। ਸ੍ਰੀ ਗੁਰੂ ਰਾਮਦਾਸ ਜੀ ਜਦੋਂ ਆਪਣੀ ਬਾਣੀ ਵਿਚ "ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ" ਦਾ ਸੰਕੇਤ ਕਰਦੇ ਹਨ ਤਾਂ ਇਸ ਵਿਚ ਜੀਵਨ ਦੀ ਉਸ ਯਤੀਮ ਤੇ ਲਾਵਾਰਸ ਸਥਿਤੀ ਦਾ ਸੱਚ ਹੀ ਉਜਾਗਰ ਹੋਇਆ ਹੈ। ਉਮਰ ੭ ਸਾਲ ਦੀ ਹੈ, ਪਰ ਘੁੰਗਣੀਆਂ ਦੀ ਕਿਰਤ ਕਰਕੇ ਪਰਿਵਾਰ ਦੀ ਪਾਲਣਾ ਵੀ ਕਰ ਰਹੇ ਹਨ ਤੇ ਸੱਚੇ ਸੌਦੇ ਵਾਂਗ; ਸੇਵਾ-ਅਰਥ ਵੀ ਘੁੰਗਣੀਆਂ ਦੇ ਰਹੇ ਹਨ। ਜਦੋਂ ਨਾਨਕੇ-ਪਰਿਵਾਰ ਨੂੰ ਭਾਈ ਜੇਠਾ ਜੀ ਦੇ ਕਾਰ-ਵਿਹਾਰ ਦਾ ਪਤਾ ਲੱਗਾ, ਤਾਂ ਉਨ੍ਹਾਂ ਨੇ ਪਾਲਣ-ਪੋਸ਼ਣ ਵਾਸਤੇ ਭਾਈ ਜੇਠਾ ਜੀ ਨੂੰ ਪਿੰਡ ਬਾਸਰਕੇ ਲੈ ਆਂਦਾ। ਇੱਥੇ ਬਾਸਰਕੇ ਪਿੰਡ ਵਿਚ ਹੀ ਸਿੱਖ-ਸਿੱਖ ਦੇ ਤੌਰ 'ਤੇ ਸੇਵਾ-ਭਾਵਨਾ ਦੇ ਰੂਪ ਵਿਚ (ਗੁਰੂ) ਅਮਰਦਾਸ ਜੀ ਤੇ ਭਾਈ ਜੇਠਾ ਜੀ ਦੀ ਪਹਿਲੀ ਮੁਲਾਕਾਤ ਹੋਈ।

(ਗੁਰੂ) ਅਮਰਦਾਸ ਜੀ ਬਾਸਰਕੇ ਪਿੰਡ ਛੱਡ ਕੇ, ਪੂਰੇ ਪਰਿਵਾਰ ਸਮੇਤ 'ਗੋਇੰਦਵਾਲ' ਦੀ ਸਿਰਜਣਾ ਲਈ ਗੋਇੰਦਵਾਲ ਆ ਵੱਸੇ। ਭਾਈ ਜੇਠਾ ਜੀ ਵੀ ਗੁਰੂ-ਮੋਹ, ਸੰਗਤੀ-ਸਾਂਝ ਤੇ ਸੇਵਾ-ਭਾਵਨਾ ਸਦਕਾ ਬਾਸਰਕੇ ਛੱਡ ਗੋਇੰਦਵਾਲ ਆ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ 'ਗੁਰੂ-ਜੋਤਿ' (ਗੁਰੂ) ਅਮਰਦਾਸ ਜੀ ਦੇ ਹਿਰਦੇ ਵਿਚ ਟਿਕਾ ਕੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਤੀਜੇ ਗੁਰੂ ਦੇ ਰੂਪ ਵਿਚ ਛਤਰ ਸਿੰਘਾਸਣ ਉੱਤੇ ਬਿਠਾ ਦਿੱਤਾ। ਸ੍ਰੀ ਗੁਰੂ ਅਮਰਦਾਸ ਜੀ ਤੇ ਭਾਈ ਜੇਠਾ ਜੀ ਵਿਚਕਾਰ ਦਵੈਤ-ਦੁਬਿਧਾ ਤਾਂ ਪਹਿਲਾਂ ਹੀ ਮੁੱਕ ਗਈ ਸੀ, ਦੋਵੇਂ ਭਾਉ-ਭਗਤੀ ਵਿਚ ਸਿੱਖੀ-ਸੇਵਾ ਤੇ ਗੋਇੰਦਵਾਲ ਸਿਰਜਣਾ ਲਈ ਸਮਰਪਿਤ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਵੱਡੀ ਸਪੁੱਤਰੀ ਬੀਬੀ ਭਾਨੀ ਵਾਸਤੇ ਭਾਈ ਜੇਠਾ ਜੀ ਨੂੰ 'ਵਰ-ਵਰਦਾਨ' ਦੇ ਰੂਪ ਵਿਚ ਸਵੀਕਾਰ ਕਰ ਲਿਆ ਤਾਂ ਭਾਈ ਜੇਠਾ ਜੀ ਗੁਰੂ ਦਰਬਾਰ ਲਈ ਅੰਦਰੋਂ ਬਾਹਰੋਂ ਭੇਟ ਹੋ ਗਏ। ਸ੍ਰੀ ਗੁਰੂ ਅਮਰਦਾਸ ਜੀ ਨੇ 'ਸਿੱਖਾਂ-ਪੁੱਤਰਾਂ' ਨੂੰ ਘੋਖ ਕੇ, ਆਪਣੀ ਥਾਂ ਗੁਰੂ-ਜੋਤਿ ਦਾ ਅਧਿਕਾਰੀ ਭਾਈ ਜੇਠਾ ਜੀ ਨੂੰ ਬਣਾ ਦਿੱਤਾ। ਭਾਈ ਜੇਠਾ ਜੀ ਸ੍ਰੀ ਗੁਰੂ ਰਾਮਦਾਸ ਜੀ ਦੇ ਨਾਂਅ ਨਾਲ ਪ੍ਰਸਿੱਧ ਹੋਏ।

ਸ੍ਰੀ ਗੁਰੂ ਰਾਮਦਾਸ ਜੀ ਨੇ ੧੫੭੪ ਈਸਵੀ ਤੱਕ ੭ ਸਾਲ ਤੱਕ ਗੁਰ-ਸਿੰਘਾਸਣ ਉੱਤੇ ਬੈਠ ਕੇ ਜਿੱਥੇ ਸਿੱਖ ਲਹਿਰ ਦੀ ਵਾਗਡੋਰ ਸੰਭਾਲੀ, ਅੰਮ੍ਰਿਤਸਰ ਸ਼ਹਿਰ ਦੀ ਉਸਾਰੀ ਕੀਤੀ, ਮਸੰਦ ਤੇ ਦਸਵੰਧ ਦੀਆਂ ਪਰੰਪਰਾਵਾਂ ਤੋਰੀਆਂ, ਉੱਥੇ ਆਪ ਨੇ ੭ ਸਾਲ ਦੇ ਥੋੜ੍ਹੇ ਜਿਹੇ ਸਮੇਂ ਵਿਚ ਮਾਨਵ ਜਾਤੀ ਦੇ ਉਧਾਰ, ਧਾਰਮਕ ਸਿਧਾਂਤਾਂ ਤੇ ਸਿੱਖੀ ਦੀ ਸਾਰਥਿਕਤਾ ਉਜਾਗਰ ਕਰਨ ਲਈ, ਆਕਾਰ ਵਿਚ ਵੀ, ਰੂਪ ਤੇ ਰਸ ਪੱਖੋਂ ਵੀ 'ਬਾਣੀ ਦਾ ਮਹਾਨ ਭੰਡਾਰ' ਪ੍ਰਦਾਨ ਕੀਤਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਜਾਤੀ ਤਜਰਬਾ, ਭਾਵਾਂ ਦੀ ਤੀਬਰਤਾ, ਸੁਹਜ-ਵਾਦੀ ਸ਼ਕਤੀ ਤੇ ਅਲੰਕਾਰਾਂ ਦਾ ਭਰਪੂਰ ਪਾਸਾਰ ਹੈ। ਜਿਵੇਂ ਰੁਲਦੇ ਫਿਰਦੇ ਜੀਵਨ ਨੂੰ ਉਨ੍ਹਾਂ ਨੇ ਗੁਰ-ਸਿੰਘਾਸਣ ਦੀ ਪ੍ਰਾਪਤੀ ਤੱਕ ਅਧਿਆਤਮਕ ਸਿਰਜਿਆ, ਇਸੇ ਤਰ੍ਹਾਂ ਆਪ ਜੀ ਦੀ ਸਮੁੱਚੀ ਬਾਣੀ ਵੀ ਮਨੁੱਖ ਨੂੰ 'ਹਰਿ ਕਾ ਪਿਆਰਾ' ਸਿਰਜਣ ਵਿਚ ਪਰਵਿਰਤੀ ਤੋਂ ਲੈ ਕੇ ਪ੍ਰਭੂ-ਪ੍ਰਾਪਤੀ ਤੱਕ ਦਾ ਮਾਰਗ ਦਰਸਾਉਂਦੀ ਹੈ।

### ਬੇਨਤੀ
**ਹਥਲਾ ਮਾਸਿਕ ਪੱਤਰ ਨਿਰੋਲ ਗੁਰਮਤਿ ਸਾਹਿਤਕ ਪਰਚਾ ਹੈ ਅਤੇ ਇਸ ਵਿਚ ਗੁਰਬਾਣੀ ਦੀਆਂ ਅਨੇਕਾਂ ਤੁਕਾਂ ਲਿਖੀਆਂ ਹੋਈਆਂ ਹਨ ਕ੍ਰਿਪਾ ਕਰਕੇ ਇਸ ਨੂੰ ਪੂਰਨ ਸਤਿਕਾਰ ਸਹਿਤ ਰੱਖਿਆ ਜਾਵੇ ਅਤੇ ਰੱਦੀ ਵਿਚ ਨਾ ਵੇਚਿਆ ਜਾਵੇ ਜੀ।**


### ਚੰਦਾ
**ਭਾਰਤ** : ਸਾਲਾਨਾ 200 ਰੁਪਏ, ਤਿੰਨ ਸਾਲ 500 ਰੁਪਏ, ਪੰਜ ਸਾਲ 800 ਰੁਪਏ, ਉਮਰ ਭਰ ਲਈ 2000 ਰੁਪਏ
**ਵਿਦੇਸ਼ਾਂ ਲਈ** : ਸਾਲਾਨਾ 2000 ਰੁਪਏ, ਉਮਰ ਭਰ ਲਈ 15,000 ਰੁਪਏ
ਚੰਦੇ ਆਪਣੇ ਨੇੜਲੇ ਸਾਡੇ ਪ੍ਰਤੀਨਿੱਧ ਜਾਂ ਸਾਡੇ ਮੁੱਖ ਦਫ਼ਤਰ 'ਚ ਜਮ੍ਹਾਂ ਕਰਵਾਏ ਜਾ ਸਕਦੇ ਹਨ ਜੀ।



### ਮੁੱਖ ਦਫ਼ਤਰ
**ਮਕਾਨ ਨੰਬਰ : 532, ਫ਼ੇਜ਼-3ਬੀ1, ਐੱਸ. ਏ.ਐੱਸ. ਨਗਰ, (ਮੋਹਾਲੀ)**
**ਪਿੰਨ : 160059**
**ਫ਼ੋਨ ਨੰਬਰ : 93177-53202**
**e-mail : akjmagzine@yahoo.com**



Printed & published by Satinder Pal Singh on behalf of Satinder Pal Singh, Printed at Majestic Printing Press Bay Shop No.7, Near Chawla Nursing Home Phase 7, S.A.S. Nagar Mohali and published from H. No 532, Phase-3B1, S.A.S. Nagar, Mohali.
EDITOR: TALWINDER SINGH BUTTAR

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ

ਅੰਕ : ੧੦ ਸਾਲ : ੮ ਅਕਤੂਬਰ ੨੦੨੨

ਅੱਸੂ-ਕੱਤਕ, ੫੫੪ ਨਾਨਕਸ਼ਾਹੀ

# ਸੋ ਕਹੀਅਤ ਹੈ ਸੂਰਾ

ਨਿਰੋਲ ਧਾਰਮਿਕ ਮਾਸਿਕ ਪੱਤਰ



'ਸੋ ਕਹੀਅਤ ਹੈ ਸੂਰਾ' ਵਿਚ ਨਿਰੋਲ ਗੁਰਮਤਿ ਵਿਚਾਰਧਾਰਾ ਦੇ ਅਨੁਕੂਲ ਹੀ ਰਚਨਾਵਾਂ ਛਾਪਣ ਦੀ ਪੂਰਨ ਕੋਸ਼ਿਸ਼ ਕੀਤੀ ਜਾਵੇਗੀ ਪਰ ਫ਼ਿਰ ਵੀ ਲਾਜ਼ਮੀ ਨਹੀਂ ਹੈ ਕਿ ਹਰੇਕ ਰਚਨਾ ਨਾਲ 'ਸੰਪਾਦਕੀ ਮੰਡਲ' ਜਾਂ ਜਥੇ ਦੀ ਸਮੂਹਿਕ ਵਿਚਾਰਧਾਰਾ ਇੰਨ-ਬਿੰਨ ਸਹਿਮਤ ਹੋਵੇ।

ਕਿਸੇ ਵੀ ਖੇਤਰ ਵਿਚ ਕਿਸੇ ਵੀ ਵਿਵਾਦ ਦੀ ਸੂਰਤ ਵਿਚ ਨਿਆਂਖੇਤਰ ਸਿਰਫ਼ ਅਜੀਤਗੜ੍ਹ (ਮੁਹਾਲੀ) ਹੋਵੇਗਾ ਅਤੇ ਕਿਸੇ ਵੀ ਇਤਰਾਜ਼ ਨੂੰ ਦੋ ਮਹੀਨੇ ਦੇ ਅੰਦਰ ਪ੍ਰਗਟ ਕਰਨਾ ਜ਼ਰੂਰੀ ਹੋਵੇਗਾ।


## ਲੇਖਕਾਂ ਤੇ ਪਾਠਕਾਂ ਲਈ

* ਅਖੰਡ ਕੀਰਤਨੀ ਜਥੇ ਦੇ ਮਾਸਿਕ ਪੱਤਰ 'ਸੋ ਕਹੀਅਤ ਹੈ ਸੂਰਾ' ਲਈ ਨਿਰੋਲ ਗੁਰਮਤਿ ਆਸ਼ੇ ਦੇ ਅਨੁਕੂਲ, ਰੂਹਾਨੀ/ਅਧਿਆਤਮਕ ਅਤੇ ਗੁਰਸਿੱਖੀ ਸਰੋਕਾਰਾਂ ਨਾਲ ਸਬੰਧਤ ਨਿਰਵਿਵਾਦ ਵਿਸ਼ਿਆਂ 'ਤੇ ਲੇਖਕਾਂ ਨੂੰ ਰਚਨਾਵਾਂ ਭੇਜਣ ਦੀ ਸਨਿਮਰ ਬੇਨਤੀ ਹੈ।
* ਰਚਨਾਵਾਂ ਵਿਚ ਲੇਖ, ਕਵਿਤਾਵਾਂ ਅਤੇ ਹੋਰ ਗੁਰਮਤਿ ਵਿਚਾਰਾਂ ਨਾਲ ਸਬੰਧਿਤ ਸਮੱਗਰੀ ਨੂੰ ਕਾਗਜ਼ 'ਤੇ ਸਾਫ਼-ਸੁਥਰੇ ਅੱਖਰਾਂ ਵਿਚ ਲਿਖ ਕੇ ਜਾਂ ਫ਼ਿਰ ਟਾਈਪ ਕਰਵਾ ਕੇ ਹਰ ਮਹੀਨੇ ਦੀ 10 ਤਰੀਖ਼ ਤੋਂ ਪਹਿਲਾਂ-ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।
* ਲੇਖ ਸਮੱਗਰੀ ਦੇ ਨਾਲ ਗੁਰਬਾਣੀ ਦੀਆਂ ਤੁਕਾਂ ਅਤੇ ਹਵਾਲੇ ਕ੍ਰਿਪਾ ਕਰਕੇ ਪੂਰਨ ਰੂਪ ਵਿਚ ਸੋਧ ਕੇ ਭੇਜੋ ਜੀ।
* ਅਸੀਂ ਇਸ ਮਾਸਿਕ ਪੱਤਰ ਨੂੰ ਪਾਠਕ ਜਨਾਂ ਲਈ ਹੋਰ ਲਾਭਦਾਇਕ, ਜਾਣਕਾਰੀ ਭਰਪੂਰ ਅਤੇ ਗੁਰਬਾਣੀ ਆਸ਼ੇ ਤੇ ਗੁਰਮਤਿ ਵਿਚਾਰਾਂ ਦਾ ਵਾਹਕ ਬਣਾਉਣ ਲਈ ਅਖੰਡ ਕੀਰਤਨੀ ਜਥੇ ਦੇ ਸੂਝਵਾਨ ਤੇ ਚੇਤੰਨ ਮੈਂਬਰਾਂ ਦੇ ਸੁਝਾਵਾਂ ਦਾ ਹਾਰਦਿਕ ਸਵਾਗਤ ਕਰਾਂਗੇ।

> "ਮੈਂ ਮਹਿਸੂਸ ਕਰਦਾ ਹਾਂ ਕਿ ਜਦੋਂ ਅਸੀਂ ਸੁਖਮਨੀ ਪੜ੍ਹਦੇ ਹਾਂ, ਅਚੇਤ ਹੀ ਸਾਡੇ ਮਨਾਂ 'ਤੇ ਕੋਈ ਅਜੀਬ ਜਿਹਾ ਪ੍ਰਭਾਵ ਪੈਂਦਾ ਹੈ ਅਤੇ ਸਰੀਰ 'ਤੇ ਉਸ ਦਾ ਪ੍ਰਤਿਬੰਬ ਦਿਸਦਾ ਹੈ। ਮਨ ਕਿਸੇ ਅਨੰਦਮਈ ਹੁਲਾਸ ਵਿਚ ਉਚਾ ਉਠਦਾ ਹੈ, ਸਰੀਰ ਹਲਕਾ ਫੁਲ ਹੋ ਜਾਂਦਾ ਹੈ ਅਤੇ ਉਚੀ ਉਡਾਰੀ ਮਾਰਨ ਲਗ ਪੈਂਦਾ ਹੈ। ਅਸੀਂ ਬਦੇਹੀ ਹੋ ਜਾਂਦੇ ਹਾਂ। ਸਾਨੂੰ ਹਰ ਰੋਜ਼ ਸ਼ਾਂਤ ਦੇ ਇਸ ਦਰਿਆ ਵਿਚ ਛਾਲ ਮਾਰਨੀ ਚਾਹੀਦੀ ਹੈ।
>
> -ਪ੍ਰੋ. ਪੂਰਨ ਸਿੰਘ ਜੀ


ਗੁਰਮਤਿ ਗੌਰਵਤਾ-੬੬ — 6
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਜਬ ਲਗ ਖਾਲਸਾ ਰਹੇ ਨਿਆਰਾ — 09
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਆਨਮਤੀ ਸਾਧੂ ਰਿਸ਼ੀ ਤੇ ਗੁਰਸਿਖ ਜੋਗੀ — 13
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ? — 15
ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ — 17

ਸਰਬੱਤ ਖਾਲਸਾ — 20
ਪ੍ਰਿੰਸੀਪਲ ਗੁਰਮੁਖ ਸਿੰਘ

ਊਹਾਂ ਖੈਰਿ ਸਦਾ ਮੇਰੇ ਭਾਈ — 24
ਐਡਵੋਕੇਟ ਜਸਪਾਲ ਸਿੰਘ ਮੰਝਪੁਰ

ਸ੍ਰੀ ਅਕਾਲ ਤਖ਼ਤ ਸਾਹਿਬ — 26
ਭਾਈ ਹਰਿਸਿਮਰਨ ਸਿੰਘ*

ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥ — 28
ਭਾਈ ਅਮਰੀਕ ਸਿੰਘ ਅੰਬਾਲਾ

**ਸਲੋਕ ਮ. ੫ ॥**

**ਜੀਵਦਿਆਨਚੇਤਿਓਮੁਆਰਲੰਦੜਖਾਕ ॥**

**ਨਾਨਕਦੁਨੀਆਸੰਗਿਗੁਦਾਰਿਆਸਾਕਤਮੂੜਨਪਾਕ ॥੧ ॥**

**ਮਃ ੫ ॥ ਜੀਵੰਦਿਆਹਰਿਚੇਤਿਆਮਰੰਦਿਆਹਰਿਰੰਗਿ ॥**

**ਜਨਮੁਪਦਾਰਥੁਤਾਰਿਆਨਾਨਕਸਾਧੂਸੰਗਿ ॥੨ ॥**

**(ਰਾਗੁ ਗੂਜਰੀ ਵਾਰ ਮਹਲਾ ੫, ਅੰਕ : ੫੨੩)**

# ਅਰਥ ਵਿਚਾਰ

ਸ੍ਰੀ ਗੁਰੂ ਅਰਜੁਨ ਦੇਵ ਜੀ ਮਹਾਰਾਜ, ਗੂਜਰੀ ਕੀ ਵਾਰ ਦੇ ਇਨ੍ਹਾਂ ਸਲੋਕਾਂ ਵਿਚ ਜੀਉਂਦੇ ਜੀਅ ਹਰੀ ਨੂੰ ਚੇਤਨ ਅਤੇ ਨਾ ਚੇਤਨ ਵਾਲਿਆਂ ਦੀ ਗਤਿ ਦੱਸਦੇ ਹਨ। ਪਹਿਲੇ ਸਲੋਕ ਵਿਚ ਹਰੀ ਨੂੰ ਨਾ ਚੇਤਨ ਵਾਲਿਆਂ ਬਾਰੇ ਦੱਸਦੇ ਹਨ ਕਿ ਸਾਕਤ ਪੁਰਖ ਨੇ ਜੀਉਂਦੇ ਜੀਅ ਹਰੀ ਨੂੰ ਨਹੀਂ ਚੇਤਿਆ, ਜਿਸ ਕਰਕੇ ਉਹ ਮਰ ਕੇ ਖਾਕ ਵਿਚ ਰਲ ਗਿਆ ਭਾਵ ਖੁਆਰ ਹੋਇਆ। "ਨਾਨਕ" ਮੋਹਰ ਛਾਪ ਲਾ ਕੇ ਹਜ਼ੂਰ ਫ਼ਰਮਾਉਂਦੇ ਹਨ ਕਿ ਸਾਕਤ (ਬੁਰੇ), ਮੂੜ (ਮੂਰਖ) ਅਤੇ ਨਪਾਕ (ਅਪਵਿਤ੍ਰ) ਪੁਰਖ ਨੇ ਆਪਣਾ ਜੀਵਨ ਦੁਨੀਆ ਸੰਗ ਹੀ ਗੁਜ਼ਾਰ ਦਿੱਤਾ, ਭਾਵ ਦੁਨੀਆਦਾਰੀ ਵਿਚ ਹੀ ਗੁਜ਼ਾਰ ਦਿੱਤਾ ਅਤੇ ਪਰਮਾਤਮਾ ਨੂੰ ਨਹੀਂ ਚੇਤਿਆ। ਦੂਸਰੇ ਸਲੋਕ ਵਿਚ ਗੁਰਮੁਖਾਂ ਦੀ ਗਤਿ ਬਿਆਨ ਕਰਦੇ ਹੋਏ ਗੁਰੂ ਸਾਹਿਬ ਫ਼ਰਮਾਉਂਦੇ ਹਨ ਕਿ ਗੁਰਮੁਖ ਨੇ ਜੀਉਂਦੇ ਜੀਅ, ਹਰੀ ਨੂੰ ਚੇਤਿਆ ਹੈ ਜਿਸ ਕਰਕੇ ਮਰਦਿਆਂ ਹੋਇਆਂ ਵੀ ਉਹ ਹਰੀ ਦੇ ਰੰਗ ਵਿਚ ਹੀ ਰਿਹਾ। (ਅਗਲੀ ਪੰਕਤੀ "ਨਾਨਕ" ਮੋਹਰ ਛਾਪ ਲਾ ਕੇ ਗੁਰੂ ਸਾਹਿਬ ਜੀ ਫ਼ਰਮਾਉਂਦੇ ਹਨ ਕਿ ਹਰਿ ਚੇਤਨ ਦਾ ਸਰੰਜਾਮ ਕਿਵੇਂ ਬਣਿਆ ਹੈ) ਸਾਧ ਸਤਿਗੁਰੂ ਦੇ ਨਾਲ ਗੁਰਮੁਖ ਨੇ ਆਪਣਾ ਜਨਮ ਰੂਪੀ ਪਦਾਰਥ ਤਾਰ ਲਿਆ ਹੈ, ਭਾਵ ਸਫ਼ਲ ਕਰ ਲਿਆ ਹੈ।

ਗੁਰੂ ਜੀ, ਇਨ੍ਹਾਂ ਦੋਹਾਂ ਸਲੋਕਾਂ ਦੀਆਂ ਪਹਿਲੀਆਂ ਪੰਕਤੀਆਂ ਵਿਚ ਮਨਮੁਖ ਅਤੇ ਗੁਰਮੁਖ ਦੇ ਲੱਛਣ ਦੱਸਦੇ ਹਨ ਕਿ ਮਨਮੁਖ ਨੇ ਹਰੀ ਨੂੰ ਨਹੀਂ ਚੇਤਿਆ ਅਤੇ ਗੁਰਮੁਖਿ ਨੇ ਚੇਤਿਆ, ਜਿਸ ਕਰਕੇ ਮਨਮੁਖ ਤਾਂ ਮਰ ਕੇ ਖਾਕ ਵਿਚ ਰਲਿਆ (ਖੁਆਰ ਹੋਇਆ) ਜਦਕਿ ਗੁਰਮੁਖ ਨੇ ਹਰੀ ਦੇ ਰੰਗ ਵਿਚ ਇਸ ਸੰਸਾਰ ਤੋਂ ਕੂਚ ਕੀਤਾ। ਦੋਹਾਂ ਸਲੋਕਾਂ ਦੀਆਂ ਦੂਸਰੀਆਂ ਪੰਕਤੀਆਂ ਵਿਚ ਕਾਰਨ ਦੱਸਿਆ ਹੈ ਕਿ ਮਨਮੁਖ ਨੇ ਕਿਉਂ ਹਰੀ ਨੂੰ ਨਹੀਂ ਚੇਤਿਆ ਅਤੇ ਗੁਰਮੁਖ ਨੇ ਕਿਉਂ ਚੇਤਿਆ ਅਤੇ ਉਹ ਕਾਰਨ ਇਹ ਹੈ ਕਿ ਮਨਮੁਖ ਨੇ ਦੁਨੀਆ ਦਾ ਸੰਗ ਕੀਤਾ ਜਦਕਿ ਗੁਰਮੁਖ ਨੇ ਸਾਧੂ ਸਤਿਗੁਰੂ ਦਾ ਅਤੇ ਗੁਰਮੁਖਾਂ ਦਾ ਸੰਗ ਕੀਤਾ ਜਿਸ ਕਰਕੇ ਮਨਮੁਖ ਦੁਨੀਆ ਦੇ ਕੰਮਾਂ ਵਿਚ ਹੀ ਲੱਗਿਆ ਰਿਹਾ ਜਦਕਿ ਗੁਰਮੁਖ ਦੁਨੀਆ ਵਿਚ ਰਹਿ ਕੇ ਹਰੀ ਨੂੰ ਚੇਤਦਾ ਰਿਹਾ।

ਉਪਰਲੇ ਸਲੋਕਾਂ ਤੋਂ ਸਿੱਧ ਹੁੰਦਾ ਹੈ ਕਿ ਇਨਸਾਨ ਦਾ ਇਸ ਦੁਨੀਆ ਵਿਚ ਆਇਆ ਸਫ਼ਲ ਤਾਂ ਹੀ ਹੁੰਦਾ ਹੈ ਜੇਕਰ ਉਹ ਸਹੀ ਸੰਗਤ ਦੀ ਚੋਣ ਕਰੇ। ਜੇਕਰ ਉਹ ਜੀਵਨ ਵਿਚ "ਦੁਨੀਆ ਸੰਗਿ ਗੁਦਾਰਿਆ" ਵਾਲਾ ਕੰਮ ਕਰੇਗਾ ਤਾਂ ਉਹ ਜ਼ਰੂਰ ਹੀ ਸਾਕਤ, ਮੂੜ ਅਤੇ ਨਪਾਕ ਬਣ ਕੇ ਇਸ ਦੁਨੀਆ ਤੋਂ ਖੁਆਰ ਹੋ ਕੇ ਮਰੇਗਾ ਅਤੇ ਜੇਕਰ ਇਨਸਾਨ, ਸਾਧੂ ਸਤਿਗੁਰੂ ਦੀ ਸ਼ਰਨ ਵਿਚ ਆ ਜਾਵੇਗਾ ਅਤੇ ਸਾਧ-ਸੰਗਤ ਵਿਚ ਜ਼ਿੰਦਗੀ ਬਤੀਤ ਕਰੇਗਾ ਤਾਂ ਉਹ ਹਰੀ ਰੰਗ ਭਾਵ ਨਾਮ ਦੇ ਚਲੂਲੇ ਰੰਗਾਂ ਵਿਚ ਇਸ ਦੁਨੀਆ ਤੋਂ ਹਸੂੰ-ਹਸੂੰ ਕਰਦਾ ਕੂਚਾ ਕਰੇਗਾ ਅਤੇ ਆਪਣਾ ਜਨਮ ਪਦਾਰਥ ਜਿੱਤ ਕੇ ਜਾਵੇਗਾ।

ਉਪਰਲੇ ਸਲੋਕ ਵਿਚ ਤਾਂ ਸਾਕਤ ਅਤੇ ਗੁਰਮੁਖਿ ਦੀ ਗੱਲ ਕੀਤੀ ਹੈ ਪਰ ਅਜੋਕੇ ਸਮੇਂ ਦੇ ਉਨ੍ਹਾਂ ਲੋਕਾਂ ਦੀ ਕੀ ਗਤਿ ਹੋਵੇਗੀ, ਜੋ ਗੁਰੂ ਵਾਲੇ ਬਣ ਕੇ ਅਤੇ ਅੰਮ੍ਰਿਤ ਛਕ ਕੇ ਵੀ "ਦੁਨੀਆ ਸੰਗਿ ਗੁਦਾਰਿਆ" ਵਾਂਗ ਹੀ ਜੀਵਨ ਬਤੀਤ ਕਰ ਰਹੇ ਹਨ। ਮਨਮੁਖਾਂ ਵਾਂਗ ਹੀ ਅਜਿਹੇ ਸਿੱਖ ਮਾਇਆ ਦੀ ਦੌੜ ਵਿਚ ਸ਼ਾਮਲ ਹੋ ਕੇ ਖੁਆਰ ਹੋ ਰਹੇ ਹਨ। ਸਹਸ (ਹਜ਼ਾਰ) ਖੱਟ ਕੇ, ਲੱਖ ਅਤੇ ਫੇਰ ਕਰੋੜ ਅਤੇ ਅਰਬ ਬਣਾਉਣ ਦੇ ਚੱਕਰ ਵਿਚ ਕਦੇ ਕੋਈ ਆਹਰ ਕਰਦੇ ਹਨ ਅਤੇ ਕਦੇ ਕੋਈ। ਮੁੱਢਲੀਆਂ ਸਹੂਲਤਾਂ ਹੁੰਦਿਆਂ ਵੀ ਉਨ੍ਹਾਂ ਨੂੰ ਚੈਨ ਨਹੀਂ ਹੈ ਅਤੇ ਮਾਇਆ ਦੇ ਉਹ ਇਥੋਂ ਤੱਕ ਲੁਭਾਏ ਹੋਏ ਹੁੰਦੇ ਹਨ ਕਿ ਝੂਠ, ਫ਼ਰੇਬ ਅਤੇ ਹੋਰ ਗ਼ੈਰ-ਕਾਨੂੰਨੀ ਕਾਰਵਾਈਆਂ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਉਹ ਇਹ ਨਹੀਂ ਸੋਚਦੇ ਕਿ ਉਨ੍ਹਾਂ ਦੇ ਅਜਿਹੇ ਵਤੀਰੇ ਕਰਕੇ ਨਾ-ਸਿਰਫ਼ ਉਹ ਪਾਪਾਂ ਦੇ ਭਾਗੀਦਾਰ ਹੀ ਬਣਦੇ ਹਨ ਸਗੋਂ ਫ਼ਰੇਬੀ ਕਾਰਵਾਈਆਂ ਕਰਕੇ ਜਦੋਂ ਉਹ ਕਾਨੂੰਨ ਦੀ ਗ੍ਰਿਫ਼ਤ ਵਿਚ ਆਉਂਦੇ ਹਨ ਤਾਂ ਉਹ ਸਾਰੇ ਸਿੱਖਾਂ ਨੂੰ ਬਦਨਾਮ ਕਰਨ ਦਾ ਕਾਰਨ ਬਣਦੇ ਹਨ।

ਕਈ ਇਦਾਂ ਦੇ ਹਨ ਜੋ ਹਰ ਸਮੇਂ ਸਸਤੇ ਵਿਕਾਊ ਮਾਲ ਵਾਂਗ ਖੁਦ ਤਾਂ ਵਿਕਦੇ ਹੀ ਹਨ ਪਰ ਲੋੜ ਪੈਣ 'ਤੇ ਉਹ ਪੰਥ ਨੂੰ ਵੀ ਵੇਚਣ ਵਿਚ ਉਜ਼ਰ ਨਹੀਂ ਕਰਦੇ ਅਤੇ ਇਦਾਂ ਦੇ ਸਿੱਖ ਸ਼ਕਲਾਂ-ਸੂਰਤਾਂ ਵਾਲੇ ਲੋਕ, ਦੁਨਿਆਵੀ ਗਰਜ਼ਾਂ ਦੀ ਖ਼ਾਤਰ, ਕਦੇ ਗੁਰੂ ਡੰਮਾਂ 'ਤੇ ਜਾ ਕੇ ਮੱਥੇ ਰਗੜਦੇ ਹਨ ਅਤੇ ਕਦੇ ਕੂੜੇ ਸਿਆਸਤਦਾਨਾਂ ਦੇ ਬੂਹੇ 'ਤੇ ਬੈਠਦੇ ਹਨ। ਅਫ਼ਸੋਸ ਹੈ ਕਿ ਭਗਤੀ ਭਾਵ ਵਾਲੇ ਕੁਝ ਕੁ ਗੁਰਮੁਖਾਂ ਨੂੰ ਛੱਡ ਕੇ ਸਭ ਮਾਇਆਧਾਰੀ ਹੀ ਬਣੇ ਹੋਏ ਹਨ ਪਰ ਉਹ ਯਾਦ ਰੱਖਣ ਕਿ ਇਨ੍ਹਾਂ ਮਾਇਆ ਦੀਆਂ ਧਾਵਣੀਆਂ ਕਰਕੇ ਓੜਕ ਉਹ ਸਾਕਤਾਂ ਨਾਪਾਕਾਂ ਦੀ ਕਤਾਰ ਵਿਚ ਹੀ ਖੜ੍ਹੇ ਹੋਣਗੇ ਅਤੇ ਉਨ੍ਹਾਂ ਵਾਂਗ ਹੀ ਖਾਕ ਵਿਚ ਰਲ ਜਾਣਗੇ। ਮਾਇਆ ਦੀ ਦੌੜ ਛੱਡੇ ਬਗ਼ੈਰ ਸਹੀ ਅਰਥਾਂ ਵਿਚ ਗੁਰਮਤਿ ਭਗਤੀ ਮੁਮਕਿਨ ਹੀ ਨਹੀਂ ਹੈ। ਗੁਰੂ ਸਾਹਿਬ ਆਪ ਹੀ ਕਿਰਪਾ ਕਰਕੇ ਆਪਣੇ ਗੁਰਸਿੱਖਾਂ ਨੂੰ ਭਗਤੀ ਭਾਵ ਵਿਚ ਮਖ਼ਮੂਰ ਰੱਖਣ ਅਤੇ ਮਾਇਆ ਦੀ ਪਕੜ ਤੋਂ ਆਜ਼ਾਦ ਕਰਕੇ ਜਨਮ ਪਦਾਰਥ ਨੂੰ ਜਿੱਤ ਕੇ ਜਾਣ ਦੀ ਸਮਰੱਥਾ ਬਖਸ਼ਣ।▪▪

# ਗੁਰਮਤਿ ਸੱਚਾ ਤੇ ਸਦੀਵੀ ਧਰਮ

## ਅਰਥਾਤ

# ਗੁਰਮਤਿ ਗੌਰਵਤਾ -੬੬

## ਜਿਸ ਵਿਚ

# ਗੁਰਮਤਿ ਮੰਡਨ ਤੇ ਮਨਮਤਿ ਖੰਡਨ ਹੈ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...)

## ੭੩. ਗੁਰੂ ਘਰ ਵਿਚ ਹੀ ਨਿਸਤਾਰਾ ਹੈ

**ਸੰਤੋਖੇ ਜੋਗੀ ਦੀ ਕਹਾਣੀ**

**ਕੰਚਨਾ ਬਹੁ ਦਤ ਕਰਾ ॥ ਭੂਮਿ ਦਾਨੁ ਅਰਪਿ ਧਰਾ ॥**
**ਮਨ ਅਨਿਕ ਸੋਚ ਪਵਿਤ੍ਰ ਕਰਤ ॥**
**ਨਾਹੀ ਰੇ ਨਾਮ ਤੁਲਿ ਮਨ ਚਰਨ ਕਮਲ ਲਾਗੇ ॥੧॥ਰਹਾਉ ॥**
**ਚਾਰਿ ਬੇਦ ਜਿਹਵ ਭਨੇ ॥ ਦਸ ਅਸਟ ਖਸਟ ਸ੍ਰਵਨ ਸੁਨੇ ॥**
**ਨਹੀ ਤੁਲਿ ਗੋਬਿਦ ਨਾਮ ਧੁਨੇ ॥ ਮਨ ਚਰਨ ਕਮਲ ਲਾਗੇ ॥੧॥**
**ਬਰਤ ਸੰਧਿ ਸੋਚ ਚਾਰ ॥ ਕ੍ਰਿਆ ਕੁੰਟਿ ਨਿਰਾਹਾਰ ॥**
**ਅਪਰਸ ਕਰਤ ਪਾਕਸਾਰ ॥ ਨਿਵਲੀ ਕਰਮ ਬਹੁ ਬਿਸਥਾਰ ॥**
**ਧੂਪ ਦੀਪ ਕਰਤੇ ਹਰਿ ਨਾਮ ਤੁਲਿ ਨ ਲਾਗੇ ॥**
**ਰਾਮ ਦਇਆਰ ਸੁਨਿ ਦੀਨ ਬੇਨਤੀ ॥**
**ਦੇਹੁ ਦਰਸੁ ਨੈਨ ਪੇਖਉ ਜਨ ਨਾਨਕ ਨਾਮ ਮਿਸਟ ਲਾਗੇ ॥੨॥੨॥੧੩੧॥**
**(ਸਾਰਗ ਮ: ੫, ਪੰਨਾ: ੧੨੨੯)**

ਆਨਮਤੀਆਂ ਦੇ ਕਰਮ ਕੀਤੇ ਕਿਸੇ ਵੀ ਲੇਖੇ ਨਹੀਂ ਪੈਂਦੇ, ਸਭ ਪਾਖੰਡ ਰੂਪ ਹਨ ਅਤੇ ਗੁਰਮਤਿ ਅੰਦਰ ਖੰਡਨ ਹਨ। ਯਥਾ ਵਿਆਖਿਆ–

ਆਨਮਤੀ ਲੋਕ ਜੋ ਬਹੁਤ ਸੋਨੇ ਦੀ ਦਾਤਿ ਦਾਨ ਕਰਦੇ ਹਨ, ਤੀਰਥਾਂ 'ਤੇ ਜਾ ਕੇ ਅਤੇ ਭੂਮੀ ਦਾ ਵੀ ਦਾਨ ਅਰਪ ਧਰਦੇ ਹਨ ਤੇ ਮਨ ਕਰਕੇ ਅਨਿਕ ਪ੍ਰਕਾਰ ਦੀ ਸੁਚਮਤਾ ਧਾਰਦੇ ਹਨ ਤੇ ਆਪਣੇ ਵਲੋਂ ਪਵਿੱਤਰ ਹੋ ਹੋ ਕੇ ਬਹਿੰਦੇ ਹਨ, ਉਹ ਗੁਰਮਤਿ ਨਾਮ ਦੇ ਤੁਲ ਰੰਚਕ ਭਰ ਵੀ ਨਹੀਂ ਹਨ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਗੁਰਮਤਿ ਨਾਮ ਵਿਖੇ ਲਿਵ ਲਗ ਕੇ ਵਾਹਿਗੁਰੂ-ਚਰਨ ਕਮਲਾਂ ਨਾਲ ਡੋਰੀ ਲਪਟ ਜਾਂਦੀ ਹੈ। ਹਿੰਦੂਆਂ ਦੇ ਚਾਰੇ ਵੇਦ ਭਾਵੇਂ ਜਿਹਵਾ ਕਰਕੇ ਜ਼ਬਾਨੀ ਰਟਨ ਕੀਤੇ ਜਾਣ (ਅਰਥਾਤ, ਜ਼ਬਾਨੀ ਉਚਾਰੇ ਜਾਣ), ਅਠਾਰ੍ਹਾਂ ਪੁਰਾਨ ਤੇ ਛੇ ਸ਼ਾਸਤ੍ਰ ਚਾਹੇ ਕਿਤਨੇ ਹੀ ਸ੍ਰਵਨੀ ਸੁਣੇ ਜਾਣ, ਗੁਰਮਤਿ ਗੁਰ-ਮੰਤਰ ਵਾਹਿਗੁਰੂ ਦੀ ਧੁਨੀ ਦੇ ਤੁਲ ਕਦੇ ਨਹੀਂ ਪੁਜ ਸਕਦੇ। ਇਹ ਵਾਹਿਗੁਰੂ ਦੇ ਨਾਮ ਦੀ ਧੁਨੀ ਹੀ ਹੈ ਜੋ ਵਾਹਿਗੁਰੂ ਦੇ ਚਰਨ ਕਮਲਾਂ ਦੇ ਨਾਲ ਜੋੜਦੀ ਹੈ। ਹਿੰਦੂਆਂ ਦੇ ਬ੍ਰਤ ਆਦਿਕ ਕਰਮ ਤੇ ਸੰਧਿਆ ਗਾਇਤ੍ਰੀ ਵਾਲੇ ਕਰਮ ਅਤੇ ਸ੍ਰੇਸ਼ਟ ਸੁਚਮਤਾ ਜੋ ਆਪਣੇ ਵਲੋਂ ਕਰਦੇ ਹਨ, ਕਿਸੇ ਵੀ ਲੇਖੇ ਨਹੀਂ। ਭਾਵ, ਨਿਰਾਹਾਰ ਰਹਿ ਕੇ ਤੀਰਥ ਯਾਤਰਾ ਕਰਨੀ, ਪਕਵਾਨ ਖ਼ੁਦ ਆਪ ਤਿਆਰ ਕਰ ਕੇ, ਬਿਨਾਂ ਕਿਸੇ ਦੇ ਛੋਹੇ ਤੋਂ ਖਾਣਾ ਅਤੇ ਨਿਵਲੀ ਕਰਮ ਆਦਿਕ ਬਹੁ ਬਿਸਥਾਰ ਨਾਲ ਧਾਰਨ ਕਰਨੇ, ਹਿੰਦੂਆਂ ਦੇ ਧੂਪ ਦੀਪ ਕਰਮ ਕਰਨੇ ਆਦਿਕ ਸਭ ਗੁਰਮਤਿ ਅਨੁਸਾਰ ਭੇਖ ਕਰਮ ਹਨ, ਗੁਰਮਤਿ ਵਾਹਿਗੁਰੂ ਗੁਰ-ਮੰਤਰ ਦੇ ਤੁਲ ਪਾਸੰਗ ਮਾਤਰ ਵੀ ਨਹੀਂ। ਵਾਹਿਗੁਰੂ ਦੇ ਭਗਤ ਜਨ ਗੁਰਮੁਖਿ ਪਿਆਰੇ ਹਰ ਦਮ ਗੁਰਮਤਿ ਨਾਮ ਦਾ ਅਭਿਆਸ ਕਰਦੇ ਹੋਏ, ਵਾਹਿਗੁਰੂ ਦੇ ਦਰਸ਼ਨ ਦੇ ਜਾਚਕ ਹੀ ਰਹਿੰਦੇ ਹਨ, ਵਾਹਿਗੁਰੂ ਦੇ ਦਰਸ਼ਨ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕੋਈ ਚੀਜ਼ ਭਾਉਂਦੀ ਹੀ ਨਹੀਂ, ਗੁਰੂ ਨਾਨਕ ਸਾਹਿਬ ਦਾ ਬਖਸ਼ਿਆ ਹੋਇਆ ਨਾਮ ਹੀ ਉਨ੍ਹਾਂ ਨੂੰ ਮਿਠਾ ਲਗਦਾ ਹੈ। ਇਸ ਤੋਂ ਬਿਨਾਂ ਹੋਰ ਸਭ ਕੁਝ ਫਿੱਕਾ ਹੀ ਲਗਦਾ ਹੈ।

**ਸਨਕ ਸਨਾਦਿ ਬ੍ਰਹਮਾਦਿ ਇੰਦ੍ਰਾਦਿਕ ਭਗਤਿ ਰਤੇ ਬਨਿ ਆਈ ॥੮॥੧॥**
**(ਰਾਗੁ ਸਾਰਗ ਅਸਟਪਦੀਆ ਮਹਲਾ ੧ ਘਰੁ ੧, ਪੰਨਾ: ੧੨੩੨)**

ਵਾਹਿਗੁਰੂ ਦੀ ਭਗਤੀ ਦੇ ਨਾਲ ਰਤੇ ਜਾਣ ਕਰਕੇ ਹੀ ਗੁਰਮਤਿ ਸੁਮਾਰਗੀ ਬਣ ਕੇ ਸਨਕ ਸਨਾਦਿ ਬ੍ਰਹਮਾਦਿਕ ਇੰਦ੍ਰ ਆਦਿਕਾਂ ਦੀ ਵਾਹਿਗੁਰੂ ਨਾਲ ਬਣ ਆਉਂਦੀ ਹੈ, ਐਵੇਂ ਨਹੀਂ।

**ਪੰਡਿਤ ਪੜਿ੍ ਪੜਿ੍ ਮੋਨੀ ਸਭਿ ਥਾਕੇ ਭ੍ਰਮਿ ਭੇਖ ਥਕੇ ਭੇਖਧਾਰੀ ॥**
**ਗੁਰਪਰਸਾਦਿ ਨਿਰੰਜਨੁ ਪਾਇਆ ਸਾਚੈ ਸਬਦਿ ਵੀਚਾਰੀ ॥੪॥( ॥੮॥੨॥)**
**(ਸਾਰਗ ਮ: ੩, ਅਸਟਪਦੀਆ, ਪੰਨਾ: ੧੨੩੪)**

ਆਨਮਤੀ ਪੁਰਸ਼ ਪੰਡਿਤ ਜਨ ਆਨਮਤੀ ਪੁਸਤਕਾਂ ਬੇਦ ਸ਼ਾਸਤ੍ਰਾਂ ਨੂੰ ਪੜ੍ਹ ਪੜ੍ਹ ਬਥੇਰੇ ਹੰਭ ਗਏ ਤੇ ਮੋਨਧਾਰੀ ਪੁਰਸ਼ ਮੋਨ ਧਾਰਨ ਦਾ ਭੇਖ ਬਣਾ ਬਣਾ ਕੇ ਬਥੇਰੇ ਥਕ ਰਹੇ। ਕੇਵਲ ਗੁਰੂ ਦੀ ਕਿਰਪਾ ਨਾਲ ਹੀ ਅੰਜਨ ਰਹਿਤ ਵਾਹਿਗੁਰੂ ਨਿਰੰਜਨ ਨੂੰ ਪਾਇਆ ਜਾ ਸਕਦਾ ਹੈ, ਐਵੇਂ ਨਹੀਂ। ਸੱਚੇ ਸ਼ਬਦ ਗੁਰ-ਮੰਤਰ ਦਾ ਅਭਿਆਸ ਰੂਪੀ ਕਮਾਈ ਕੀਤਿਆਂ ਹੀ ਵਾਹਿਗੁਰੂ ਪਾਇਆ ਜਾ ਸਕਦਾ ਹੈ।

**ਅਨਿਕ ਬ੍ਰਹਮੇ ਜਾ ਕੇ ਬੇਦ ਧੁਨਿ ਕਰਹਿ ॥**
**ਅਨਿਕ ਮਹੇਸ ਬੈਸਿ ਧਿਆਨੁ ਧਰਹਿ ॥**

**ਅਨਿਕ ਪੁਰਖ ਅੰਸਾ ਅਵਤਾਰ ॥ ਅਨਿਕ ਇੰਦ੍ਰ ਊਭੇ ਦਰਬਾਰ ॥੩॥**
**ਅਨਿਕ ਸਾਸਤ੍ਰ ਸਿਮ੍ਰਿਤਿ ਪੁਰਾਨ ॥ ਅਨਿਕ ਜੁਗਤਿ ਹੋਵਤ ਬਖਿਆਨ ॥**
**ਅਨਿਕ ਸਰੋਤੇ ਸੁਨਹਿ ਨਿਧਾਨ ॥ ਸਰਬ ਜੀਅ ਪੂਰਨ ਭਗਵਾਨ ॥੬॥**
**ਜਿਨਿ ਜਪਿਆ ਨਾਨਕ ਤੇ ਭਏ ਨਿਹਾਲ ॥੧੨॥੧॥੨॥੨॥੩॥੭॥**
**(ਸਾਰਗ ਮਹਲਾ ੫ ਅਸਟਪਦੀ ਘਰੁ ੬, ਪੰਨਾ: ੧੨੩੫)**

ਹਿੰਦੂ ਮਤ ਅਨੁਸਾਰ ਕੇਵਲ ਇਕੋ ਬ੍ਰਹਮਾ ਬੇਦਾਂ ਦਾ ਉਚਾਰਨਹਾਰਾ ਹੈ, ਪ੍ਰੰਤੂ ਵਾਹਿਗੁਰੂ ਸਿਰਜਨਹਾਰ ਦੀ ਕਾਇਨਾਤ ਅੰਦਰ ਬੇਅੰਤ ਬ੍ਰਹਮਾ ਹਨ, ਜੋ ਬੇਅੰਤ ਹੀ ਬੇਦਾਂ ਦੀਆਂ ਰਿਜਾਂ ਨੂੰ ਉਚੀ ਧੁਨੀ ਨਾਲ ਉਚਾਰਦੇ ਫਿਰਦੇ ਹਨ। ਹਿੰਦੂਆਂ ਦੀ ਆਨਮਤ ਫ਼ਿਲਾਸਫ਼ੀ ਅਨੁਸਾਰ ਕੇਵਲ ਇਕੋ ਹੀ ਮਹਾਂਦੇਉ ਮੰਨਿਆ ਜਾਂਦਾ ਹੈ, ਪ੍ਰੰਤੂ ਇਸ ਗੁਰਵਾਕ ਦੀ ਰੌਸ਼ਨੀ ਅੰਦਰ ਅਨੇਕਾਂ ਅਤੇ ਅਨਗਿਣਤ ਹੀ ਮਹਾਂਦੇਉ ਹਨ, ਜੋ ਆਪਣੀ ਮਨ-ਉਕਤ ਰੁਚੀ ਅਨੁਸਾਰ ਬੈਠ ਕੇ ਸਮਾਧੀਆਂ ਲਾਉਂਦੇ ਹਨ ਅਤੇ ਪਾਰਬ੍ਰਹਮ ਦਾ ਧਿਆਨ ਧਰਦੇ ਹਨ। ਉਸ ਅਕਾਲ ਪੁਰਖ ਦੀ ਕੁਦਰਤ ਅੰਦਰ ਬੇਸ਼ੁਮਾਰ ਅੰਸਾ ਅਵਤਾਰ ਹਨ, ਹਿੰਦੂ ਲੋਕ ਇਕੋ ਅੰਸਾ ਅਵਤਾਰ ’ਤੇ ਮਾਣ ਕਰਦੇ ਹਨ। ਅਨੇਕਾਂ ਹੀ ਇੰਦਰ ਦੇਵਤੇ ਹਨ, ਜੋ ਇਕ-ਟੰਗ ਭਾਰ ਖੜੇ ਹੋ ਕੇ ਅਕਾਲ ਪੁਰਖ ਨੂੰ ਅਰਾਧਨ ਦਾ ਫੋਕਟ ਯਤਨ ਕਰਦੇ ਹਨ। ਖਟ ਸ਼ਾਸਤ੍ਰਾਂ ਅਤੇ ਥੋੜੀ ਜਿਹੀ ਗਿਣਤੀ ਦੀਆਂ ਸਿਮ੍ਰਤੀਆਂ ਅਤੇ ਅਠਾਰ੍ਹਾਂ ਪੁਰਾਨਾਂ ’ਤੇ ਹਿੰਦੂ ਫ਼ਿਲਾਸਫ਼ੀ ਦਾ ਐਵੇਂ ਕੂੜਾ ਅਭਿਮਾਨ ਹੈ, ਬੇਅੰਤ ਵਾਹਿਗੁਰੂ ਦੀ ਬੇਅੰਤ ਰਚਨਾ ਅੰਦਰ ਅਨਗਿਣਤ ਹੀ ਸ਼ਾਸਤ੍ਰ, ਬੇਅੰਤ ਹੀ ਸਿਮ੍ਰਤੀਆਂ ਅਤੇ ਬੇਸ਼ੁਮਾਰ ਪੁਰਾਨ ਹਨ। ਅਤੇ ਅਨੇਕਾਂ ਹੀ ਜੁਗਤੀਆਂ ਦੁਆਰਾ ਇਨ੍ਹਾਂ ਦਾ ਵਿਸਥਾਰ ਵਿਆਖਿਆ-ਮਈ ਹੋ ਰਿਹਾ ਹੈ ਅਤੇ ਸੁਣਨਹਾਰੇ ਭੀ ਅਨੇਕਾਂ ਹੀ ਹਨ ਅਤੇ ਅਨੇਕਾਂ ਹੀ ਸਰੋਤਾ ਗਨ ਅਨੇਕ ਪ੍ਰਕਾਰ ਦੇ ਫੋਕਟ ਵਖਿਆਨਾਂ ਨੂੰ ਸੁਣਦੇ ਹਨ, ਪਰ ਸਭ ਬੇਫ਼ਾਇਦਾ ਹੈ। ਲਾਭ ਤਾਂ ਇਕੋ ਹੀ ਗੱਲ ਦਾ ਹੈ ਕਿ ਜਿਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਓਟ ਲੈ ਕੇ ਪੂਰਨ ਗੁਰਮਤਿ ਅਨੁਸਾਰ ਵਾਹਿਗੁਰੂ ਨੂੰ ਜਪਿਆ ਹੈ, ਸੇਈ ਗੁਰਮੁਖਿ ਜਨ ਨਿਹਾਲ ਨਿਹਾਲ ਨਿਹਾਲ ਹੋ ਗਏ ਹਨ।

**ਨ ਭੀਜੈ ਰਾਗੀ ਨਾਦੀ ਬੇਦਿ ॥**
**ਨ ਭੀਜੈ ਸੁਰਤੀ ਗਿਆਨੀ ਜੋਗਿ ॥ ਨ ਭੀਜੈ ਸੋਗੀ ਕੀਤੈ ਰੋਜਿ ॥**
**ਨ ਭੀਜੈ ਰੂਪੀ ਮਾਲੀ ਰੰਗਿ ॥ ਨ ਭੀਜੈ ਤੀਰਥਿ ਭਵਿਐ ਨੰਗਿ ॥**
**ਨ ਭੀਜੈ ਦਾਤੀ ਕੀਤੈ ਪੁੰਨਿ ॥ ਨ ਭੀਜੈ ਬਾਹਰਿ ਬੈਠਿਆ ਸੁੰਨਿ ॥**
**ਨ ਭੀਜੈ ਭੇੜਿ ਮਰਹਿ ਭਿੜਿ ਸੂਰ ॥ ਨ ਭੀਜੈ ਕੇਤੇ ਹੋਵਹਿ ਧੂੜ ॥**
**ਲੇਖਾ ਲਿਖੀਐ ਮਨ ਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ ॥੨॥**
**ਮਹਲਾ ੧ ॥**
**ਨਵ ਛਿਅ ਖਟ ਕਾ ਕਰੇ ਬੀਚਾਰੁ ॥ ਨਿਸਿ ਦਿਨ ਉਚਰੈ ਭਾਰ ਅਠਾਰ ॥**
**ਤਿਨਿ ਭੀ ਅੰਤੁ ਨ ਪਾਇਆ ਤੋਹਿ ॥ ਨਾਮ ਬਿਹੂਣ ਮੁਕਤਿ ਕਿਉ ਹੋਇ ॥**
**ਨਾਭਿ ਵਸਤ ਬ੍ਰਹਮੈ ਅੰਤੁ ਨ ਜਾਣਿਆ ॥ ਗੁਰਮੁਖਿ ਨਾਨਕ ਨਾਮੁ ਪਛਾਣਿਆ ॥੩॥**
**(ਮ: ੧, ਸਾਰੰਗ ਕੀ ਵਾਰ, ਪੰਨਾ: ੧੨੩੭)**

ਨਾ ਹੀ ਕੱਚੀਆਂ ਪਿੱਲੀਆਂ ਬਾਣੀਆਂ ਦੇ ਕਚ-ਪਿਚੇ ਰਾਗਾਂ ਦਵਾਰਾ ਵਾਹਿਗੁਰੂ ਭਿਜਦਾ ਹੈ, ਨਾ ਹੀ ਨਾਦ ਨਰਸਿੰਘੇ ਵਜਾਇਆਂ ਵਾਹਿਗੁਰੂ ਭਿਜਦਾ ਹੈ (ਜੈਸੇ ਕਿ ਸੰਨਿਆਸੀ ਜੋਗੀ ਘਰ ਘਰ ਵਜਾਉਂਦੇ ਫਿਰਦੇ ਹਨ), ਨਾ ਹੀ ਬੇਦਾਂ ਦੁਆਰਾ ਭਿਜਦਾ ਹੈ, ਨਾ ਹੀ ਮੂਰਤੀਆਂ ਦੁਆਰਾ ਭਿਜਦਾ ਹੈ, ਨਾ ਹੀ ਫੋਕਟ ਗਿਆਨ-ਵੀਚਾਰਾਂ ਦੁਆਰਾ ਭਿਜਦਾ ਹੈ, ਨਾ ਹੀ ਜੋਗ-ਸਾਧਨ ਕੀਤਿਆਂ ਭਿਜਦਾ ਹੈ, ਨਾ ਹੀ ਸੋਗ ਬ੍ਰਿਤੀਆਂ ਮਰਨ ਬ੍ਰਤਾਂ ਦੁਆਰਾ ਵਾਹਿਗੁਰੂ ਭਿਜਦਾ ਹੈ, ਨਾ ਹੀ ਰੋਜ਼ੇ ਰਖਿਆਂ ਤੋਂ ਭਿਜਦਾ ਹੈ। ਨਾ ਹੀ ਵਾਹਿਗੁਰੂ ਰੂਪ ਨਾਲ, ਮਾਲ ਧਨ ਨਾਲ, ਮੌਜਾਂ ਕਰਨ ਨਾਲ ਸੁਪ੍ਰਸੰਨ ਹੁੰਦਾ ਹੈ। ਭਾਵ, ਚਾਹੇ ਕੋਈ ਕਿਤਨਾ ਰੂਪਵੰਤ ਹੋਵੇ, ਚਾਹੇ ਕੋਈ ਕਿਤਨਾ ਧਨਵੰਤ ਮਾਲ-ਮਤੇ ਵਾਲਾ ਹੋਵੇ, ਚਾਹੇ ਕੋਈ ਕਿਤਨਾ ਮੌਜਾਂ ਰੰਗ-ਰਲੀਆਂ ਮਾਣਨ ਵਾਲਾ ਹੋਵੇ, ਤਿਨ੍ਹਾਂ ਉਪਰ ਹਰਗਿਜ਼ ਹਰਗਿਜ਼ ਵਾਹਿਗੁਰੂ ਨਹੀਂ ਪਸੀਜਦਾ। ਚਾਹੇ ਕਿਤਨਾ ਹੀ ਕੋਈ ਆਨਮਤ ਤੀਰਥਾਂ ਉਤੇ ਨੰਗੇ ਪੈਰੀਂ ਭਉਂਦਾ ਫਿਰੇ, ਇਸ ਫੋਕਟ ਕਿਰਿਆ ਵਾਲੇ ਭੇਖ ਉਪਰ ਵਾਹਿਗੁਰੂ ਨਹੀਂ ਭਿਜਦਾ। ਭਾਵੇਂ ਕੋਈ ਕਿਤਨੀਆਂ ਦਾਤਾਂ ਦੇਂਦਾ ਫਿਰੇ ਅਤੇ ਕਿਤਨੇ ਹੀ ਪੁੰਨ ਕਰਦਾ ਫਿਰੇ ਤਾਂ ਵੀ ਇਨ੍ਹਾਂ ਫੋਕਟ ਕਿਰਿਆਵਾਂ ਉਤੇ ਵਾਹਿਗੁਰੂ ਨਹੀਂ ਰੀਝਦਾ। ਅਤੇ ਨਾ ਹੀ ਬਾਹਰ ਖੁਲ੍ਹੇ ਮੈਦਾਨ ਵਿਚ ਅਤੇ ਨਾ ਹੀ ਖੁਲ੍ਹੀਆਂ ਪੈਂਦੀਆਂ ਸਰਦੀਆਂ ਵਿਚ ਅਤੇ ਮੀਂਹਾਂ ਕਣੀਆਂ ਵਿਚ ਨਗਨ ਬੈਠਿਆਂ ਅਤੇ ਪਾਲੇ ਸੀਤ ਵਿਚ ਸੁੰਨ ਮਰਦਿਆਂ ਵਾਹਿਗੁਰੂ ਭਿਜਦਾ ਹੈ। ਅਤੇ ਨਾ ਹੀ (ਭੇੜਿ ਮਰਹਿ) ਜੰਗ ਯੁਧ ਵਿਚ ਭਿੜ ਕੇ ਮਰਨ ਨਾਲ ਅਤੇ ਸੂਰਮਾ ਸਦਾਉਣ ਨਾਲ ਵਾਹਿਗੁਰੂ ਭਿਜਦਾ ਹੈ, ਅਤੇ ਨਾ ਹੀ ਮਿੱਟੀਆਂ ਵਿਚ ਰੁਲਣ ਨਾਲ ਤਨ ਬਦਨ ਦੇਹ ਤੇ ਸਿਰ ਤੇ ਖ਼ਾਕ ਮਲਣ ਨਾਲ ਵਾਹਿਗੁਰੂ ਭਿਜਦਾ ਹੈ। ਮਨ ਦੀਆਂ ਅਵਸਥਾਂ ਅਨੁਸਾਰ ਲੇਖਾ ਲਿਖਿਆ ਜਾਂਦਾ ਹੈ। ਮਨ ਬਚਨ ਕਰਮ ਕਰਕੇ ਵਾਹਿਗੁਰੂ ਦੀ ਸੱਚੀ ਭਗਤੀ ਵਿਚ ਲੀਨ ਹੋਇਆਂ ਹੀ ਅਤੇ ਸੱਚੇ ਗੁਰਮਤਿ ਨਾਮ ਦੀਆਂ ਅਭਿਆਸ ਕਮਾਈਆਂ ਕਰ ਕੇ ਹੀ ਵਾਹਿਗੁਰੂ ਤੁਠਦਾ ਹੈ ਤੇ ਭਗਤੀ ਭਾਵ ਦੁਆਰਾ ਹੀ ਤੁਠ ਕੇ ਕਲਿਆਨ-ਦਾਇਕ ਬਣਦਾ ਹੈ।

ਨੌਂ ਵਿਆਕਰਣਾਂ, ਛੇਆਂ ਸ਼ਾਸਤ੍ਰਾਂ ਅਤੇ ਖੱਟ

*ਆਨਮਤੀ ਲੋਕ ਜੋ ਬਹੁਤ ਸੋਨੇ ਦੀ ਦਾਤਿ ਦਾਨ ਕਰਦੇ ਹਨ, ਤੀਰਥਾਂ ’ਤੇ ਜਾ ਕੇ ਅਤੇ ਭੂਮੀ ਦਾ ਵੀ ਦਾਨ ਅਰਪ ਧਰਦੇ ਹਨ ਤੇ ਮਨ ਕਰਕੇ ਅਨਿਕ ਪ੍ਰਕਾਰ ਦੀ ਸੁਚਮਤਾ ਧਾਰਦੇ ਹਨ ਤੇ ਆਪਣੇ ਵਲੋਂ ਪਵਿੱਤਰ ਹੋ ਹੋ ਕੇ ਬਹਿੰਦੇ ਹਨ, ਉਹ ਗੁਰਮਤਿ ਨਾਮ ਦੇ ਤੁਲ ਰੰਚਕ ਭਰ ਵੀ ਨਹੀਂ ਹਨ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਗੁਰਮਤਿ ਨਾਮ ਵਿਖੇ ਲਿਵ ਲਗ ਕੇ ਵਾਹਿਗੁਰੂ-ਚਰਨ ਕਮਲਾਂ ਨਾਲ ਡੋਰੀ ਲਪਟ ਜਾਂਦੀ ਹੈ। ਹਿੰਦੂਆਂ ਦੇ ਚਾਰੇ ਵੇਦ ਭਾਵੇਂ ਜਿਹਵਾ ਕਰਕੇ ਜ਼ਬਾਨੀ ਰਟਨ ਕੀਤੇ ਜਾਣ (ਅਰਥਾਤ, ਜ਼ਬਾਨੀ ਉਚਾਰੇ ਜਾਣ), ਅਠਾਰ੍ਹਾਂ ਪੁਰਾਨ ਤੇ ਛੇ ਸ਼ਾਸਤ੍ਰ ਚਾਹੇ ਕਿਤਨੇ ਹੀ ਸ੍ਰਵਨੀ ਸੁਣੇ ਜਾਣ, ਗੁਰਮਤਿ ਗੁਰ-ਮੰਤਰ ਵਾਹਿਗੁਰੂ ਦੀ ਧੁਨੀ ਦੇ ਤੁਲ ਕਦੇ ਨਹੀਂ ਪੁਜ ਸਕਦੇ। ਇਹ ਵਾਹਿਗੁਰੂ ਦੇ ਨਾਮ ਦੀ ਧੁਨੀ ਹੀ ਹੈ ਜੋ ਵਾਹਿਗੁਰੂ ਦੇ ਚਰਨ ਕਮਲਾਂ ਦੇ ਨਾਲ ਜੋੜਦੀ ਹੈ।*

ਕਰਮਾਂ ਦੁਆਰਾ ਭਾਵੇਂ ਕਿਤਨੀਆਂ ਹੀ ਫੋਕਟ ਵੀਚਾਰਾਂ ਕੋਈ ਕਰਦਾ ਫਿਰੇ, ਦਿਨੇ ਰਾਤ ਅਠਾਰ੍ਹਾਂ ਮਣ ਭਾਰਾਂ ਵਾਲੇ ਮਹਾਂਭਾਰਤ ਰਮਾਇਣ ਆਦਿਕ ਦੀ ਫੋਕਟ ਕਥਾ ਕੋਈ ਕਿਤਨੀ ਹੀ ਕਰਦਾ ਫਿਰੇ, ਤਿਨ੍ਹਾਂ ਭੇਖੀਆਂ ਨੇ ਭੀ ਤੇਰਾ ਅੰਤ ਨਹੀਂ ਪਾਇਆ। ਐਸੇ ਭੇਖੀ-ਭਰਮੀ ਮੁਕਤ ਨੂੰ ਕਦੇ ਪ੍ਰਾਪਤ ਨਹੀਂ ਹੋ ਸਕਦੇ। ਕਵਲ ਦੀ ਨਾਭੀ ਵਿਚ ਵਸਦੇ ਹੋਏ ਬ੍ਰਹਮੇ ਨੇ ਵਾਹਿਗੁਰੂ ਦਾ ਅੰਤ ਨਹੀਂ ਪਾਇਆ। ਨਾਮ ਤੋਂ ਬਿਨਾਂ ਮੁਕਤੀ ਕਦੇ ਪ੍ਰਾਪਤ ਨਹੀਂ ਹੋ ਸਕਦੀ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਜਨਾਂ ਨੇ ਗੁਰਮੰਤਰ ਗੁਰ-ਦੀਖਿਆ ਵਾਹਿਗੁਰੂ ਨਾਮ ਪਾ ਕੇ ਹੀ ਵਾਹਿਗੁਰੂ ਦੀ ਦਰਸ਼ਨ-ਪ੍ਰਾਪਤੀ ਕੀਤੀ ਹੈ।

**ਮਨਮੁਖਿ ਮਰੀਐ ਗੁਰਮੁਖਿ ਤਰੀਐ ਨਾਨਕ ਨਦਰੀ ਨਦਰਿ ਕਰੇ ॥੨ ॥**

**(ਮਹਲਾ ੧, ਸਾਰੰਗ ਕੀ ਵਾਰ, ਪੰਨਾ: ੧੨੩੮)**

ਇਹ ਇਕੱਲੀ ਗੁਰ-ਪੰਗਤੀ ਹੀ ਤੱਤ ਗੁਰਮਤਿ ਦੇ ਮੰਡਨ ਦਾ ਅਤੇ ਆਨਮਤ ਭਰੀ ਆਨਮਤ ਦੇ ਖੰਡਨ ਦਾ ਯਥਾਰਥ ਨਿਰਣਾ ਕਰਦੀ ਹੈ। ਵਿਆਖਿਆ ਦੀ ਲੋੜ ਹੀ ਕੋਈ ਨਹੀਂ।

**ਸਭੇ ਸੁਰਤੀ ਜੋਗ ਸਭਿ ਸਭੇ ਬੇਦ ਪੁਰਾਣ ॥**
**ਸਭੇ ਕਰਣੇ ਤਪ ਸਭਿ ਸਭੇ ਗੀਤ ਗਿਆਨ ॥**
**ਸਭੇ ਬੁਧੀ ਸੁਧਿ ਸਭਿ ਸਭਿ ਤੀਰਥ ਸਭਿ ਥਾਨ ॥**
**ਸਭਿ ਪਾਤਿਸਾਹੀਆ ਅਮਰ ਸਭਿ ਸਭਿ ਖੁਸੀਆ ਸਭਿ ਖਾਨ ॥**
**ਸਭੇ ਮਾਣਸ ਦੇਵ ਸਭਿ ਸਭੇ ਜੋਗ ਧਿਆਨ ॥**
**ਸਭੇ ਪੁਰੀਆ ਖੰਡ ਸਭਿ ਸਭੇ ਜੀਅ ਜਹਾਨ ॥**
**ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥**
**ਨਾਨਕ ਸਚਾ ਸਚਿ ਨਾਇ ਸਚੁ ਸਭਾ ਦੀਬਾਨੁ ॥੨ ॥**

**(ਮਹਲਾ ੧, ਸਾਰੰਗ ਕੀ ਵਾਰ, ਪੰਨਾ: ੧੨੪੧)**

ਏਸ ਗੁਰ-ਸ਼ਬਦ ਗੁਰਵਾਕ ਦੁਆਰਾ ਸਰਬੱਤ ਆਨਮਤ ਭੇਖਾਂ ਦਾ ਸਪੱਸ਼ਟ ਖੰਡਨ ਹੈ। ਯਥਾ ਵਿਆਖਿਆ-

ਗੁਰਮਤਿ ਤੋਂ ਬਿਨਾਂ ਜਿਤਨੀਆਂ ਭੀ ਸੁਰਤੀਆਂ ਹਨ, ਜਿਤਨੇ ਭੀ ਜੋਗ ਸ਼ਾਸਤ੍ਰ ਹਨ, ਜਿਤਨੇ ਵੀ ਬੇਦ ਪੁਰਾਨ ਆਦਿਕ ਆਨਮਤੀ ਪੁਸਤਕ ਹਨ, ਜਿਤਨੇ ਵੀ ਜਪ ਤਪ ਆਦਿਕ ਆਨਮਤੀ ਭੇਖ ਹਨ ਅਤੇ ਜਿਤਨੇ ਵੀ ਆਨਮਤੀ ਗਿਆਨ ਹਨ, ਜਿਤਨੀਆਂ ਵੀ ਮਨਮਤਿ ਮਈ ਬੁਧੀਆਂ ਅਤੇ ਸੁਧੀਆਂ ਹਨ ਅਤੇ ਜਿਤਨੇ ਵੀ ਆਨਮਤੀ ਤੀਰਥ, ਸਮੂਹ ਮਨਮਤੀ ਤੀਰਥਾਂ ਦੇ ਅਸਥਾਨ ਹਨ, ਦੁਨਿਆਵੀ ਕੂੜਾਵੀਆਂ ਪਾਤਸ਼ਾਹੀਆਂ ਤੇ ਕੂੜਾਵੇ ਪਾਤਸ਼ਾਹਾਂ ਦੇ ਹੁਕਮ ਹਾਸਲ ਹਨ ਅਤੇ ਤਿਨ੍ਹਾਂ ਦੇ ਜਿਤਨੀਆਂ ਖ਼ੁਸ਼ੀਆਂ ਖਾਨ ਪਾਨ ਦੀਆਂ ਹਨ, ਜਿਤਨੇ ਵੀ ਸੁਰ ਨਰ ਮੁਨਿ ਜਨ ਅਨਮੱਤੀ ਹਿੰਦੂਆਂ ਦੇ ਮੰਨੇ ਹੋਏ ਦੇਵਤੇ ਹਨ ਅਤੇ ਜਿਤਨੇ ਵੀ ਬਨਾਵਟੀ ਜੋਗ ਭੇਖ ਧਿਆਨ ਹਨ, ਇਸ ਤ੍ਰੈਗੁਣੀ ਰਚਨਾ ਦੀਆਂ ਸਮੂਹ ਪੁਰੀਆਂ, ਜੀਅ ਅਤੇ ਜੀਆਂ ਸਮੇਤ ਜਹਾਨ ਅਤੇ ਖੰਡ ਮੰਡਲ ਬ੍ਰਹਮੰਡ ਹਨ, ਉਹ ਵਾਹਿਗੁਰੂ ਅਕਾਲ ਪੁਰਖ ਨੇ ਆਪਣੇ ਹੁਕਮ ਅੰਦਰ ਹੀ ਰਖੇ ਹਨ, ਜਿਨ੍ਹਾਂ ਸਭਨਾਂ ਦੇ ਸਿਰਾਂ ਉਤੇ ਤਿਨ੍ਹਾਂ ਦੇ ਕਰਮਾਂ ਅਨੁਸਾਰ ਲੇਖ ਭੁਗਤਾਣ ਵਾਲੀ ਕਲਮ ਵੁੜੀ ਹੋਈ ਹੈ, ਇਹ ਸਭ ਪਿਛਲੇ ਗਿਣੇ ਹੋਏ ਆਨਮਤੀ ਭੇਖ ਕਰਮ ਕਾਂਡ ਦੇ ਰੂਪ ਰੇਖ ਹੀ ਹਨ। ਗੁਰਮਤਿ ਅਨੁਸਾਰ ਇਹ ਸਭ ਖੰਡਨ ਹਨ।

ਗੁਰ ਨਾਨਕ ਸਾਹਿਬ ਫ਼ੁਰਮਾਉਂਦੇ ਹਨ ਕਿ ਇਨ੍ਹਾਂ ਸਭ ਮਨਮਤੀ ਭੇਖਾਂ ਦੇ ਮੁਕਾਬਲੇ ਵਿਚ ਗੁਰੂ ਘਰ ਦਾ ਇਕੋ ਗੁਰਮਤਿ ਨਾਮ ਹੀ ਸੱਚਾ ਹੈ। ਹੋਰ ਸਭ ਕੂੜਾਵੀਆਂ ਭਰਮ-ਭੁਲਾਵਣੀਆਂ ਵਾਲੇ ਭੇਖ ਹੀ ਹਨ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਸਤਸੰਗ ਮਈ ਦੀਵਾਨ-ਸਭਾ ਹੀ ਤੱਤਾਂ ਸਿਰ ਤੱਤ ਸੱਚ ਹੈ।

**ਪੁਰੀਆ ਖੰਡਾ ਸਿਰਿ ਕਰੇ ਇਕ ਪੈਰਿ ਧਿਆਏ ॥**
**ਪਉਣੁ ਮਾਰਿ ਮਨਿ ਜਪੁ ਕਰੇ ਸਿਰੁ ਮੁੰਡੀ ਤਲੈ ਦੇਇ ॥**
**ਕਿਸੁ ਉਪਰਿ ਓਹੁ ਟਿਕ ਟਿਕੈ ਕਿਸ ਨੋ ਜੋਰੁ ਕਰੇਇ ॥**
**ਕਿਸ ਨੋ ਕਹੀਐ ਨਾਨਕਾ ਕਿਸ ਨੋ ਕਰਤਾ ਦੇਇ ॥**
**ਹੁਕਮਿ ਰਹਾਏ ਆਪਣੈ ਮੂਰਖੁ ਆਪੁ ਗਣੇਇ ॥੧ ॥**

**(ਸਲੋਕ ਮ: ੧, ਸਾਰੰਗ ਕੀ ਵਾਰ, ਪੰਨਾ: ੧੨੪੧)**

ਭਾਵੇਂ ਸਿਰ ਪਰਨੇ ਹੋ ਕੇ ਸਾਰੀਆਂ ਪੁਰੀਆਂ ਤੇ ਖੰਡ-ਬ੍ਰਹਮੰਡਾਂ ਵਿਖੇ ਫ਼ਿਰੇ ਅਤੇ ਇਕ ਪੈਰ (ਟੰਗ) ਖੜੇ ਹੋ ਕੇ ਮਨ-ਉਕਤ ਧਿਆਨ ਧਰੇ, ਆਪਣੇ ਮਨ ਹੀ ਮਨ ਅੰਦਰ ਪਉਣ ਨੂੰ ਰੋਕ ਕੇ ਮਨ-ਉਕਤ ਇਕ-ਸਾਰ ਜਪ ਕਰੇ, ਆਪਣੇ ਸਿਰ ਨੂੰ ਧੌਣ ਹੇਠਾਂ ਦੇਈ ਰਖੇ, ਕਿਸ ਉਤੇ ਉਹ ਟੇਕ ਰਖੇ, ਕਿਸ ਦੇ ਆਸਰੇ 'ਤੇ ਉਹ ਰਹੇ, ਇਹ ਸਭ ਬਨਾਵਟੀ ਆਸਰੇ ਤੁਛ ਹਨ, ਸਭ ਬਿਰਥੇ ਕਸ਼ਟ ਹਨ, ਜਿਨ੍ਹਾਂ ਦੇ ਕੀਤਿਆਂ ਕੁਛ ਨਹੀਂ ਬਣਦਾ ਸਰਦਾ। ਇਹ ਨਹੀਂ ਕਹਿ ਸਕੀਦਾ ਕਿ ਦਾਤਾਰ ਕਰਤਾ ਪੁਰਖ ਕਿਸ ਨੂੰ ਦਾਤਿ ਦਿੰਦਾ ਹੈ, ਇਹ ਸਭ ਵਾਹਿਗੁਰੂ ਦੀ ਨਦਰ ਮੇਹਰਾਂ ਦੀ ਖੇਡ ਹੈ। ਮੂਰਖ ਹਠੀਆ ਪੁਰਸ਼ ਆਪਣੇ ਮਨ-ਮੰਨੇ ਹੁਕਮ ਅਨੁਸਾਰ ਚਲਦਾ ਹੈ ਤੇ ਆਪਣਾ ਆਪ ਗਣਾਂਵਦਾ (ਜਤਾਂਵਦਾ ਹੈ)। ਇਹ ਸਭ ਹਠ-ਕਿਰਿਆ ਹੈ, ਜੋ ਗੁਰਮਤਿ ਅੰਦਰ ਪਰਮ ਖੰਡਣ ਯੋਗ ਹੈ।

**ਅਖੀ ਪਰਣੈ ਜੇ ਫਿਰਾਂ ਦੇਖਾਂ ਸਭੁ ਆਕਾਰੁ ॥**
**ਪੁਛਾ ਗਿਆਨੀ ਪੰਡਿਤਾਂ ਪੁਛਾ ਬੇਦ ਬੀਚਾਰ ॥**
**ਪੁਛਾ ਦੇਵਾਂ ਮਾਣਸਾਂ ਜੋਧ ਕਰਹਿ ਅਵਤਾਰ ॥**
**ਸਿਧ ਸਮਾਧੀ ਸਭਿ ਸੁਣੀ ਜਾਇ ਦੇਖਾਂ ਦਰਬਾਰੁ ॥**
**ਅਗੈ ਸਚਾ ਸਚਿ ਨਾਇ ਨਿਰਭਉ ਭੈ ਵਿਣੁ ਸਾਰੁ ॥**
**ਹੋਰ ਕਚੀ ਮਤੀ ਕਚੁ ਪਿਚੁ ਅੰਧਿਆ ਅੰਧੁ ਬੀਚਾਰੁ ॥**
**ਨਾਨਕ ਕਰਮੀ ਬੰਦਗੀ ਨਦਰਿ ਲੰਘਾਏ ਪਾਰਿ ॥੨ ॥**

(ਮ: ੧, ਸਾਰੰਗ ਕੀ ਵਾਰ, ਪੰਨਾ: ੧੨੪੧-੪੨)

ਮਨ-ਹਠ ਕਰਕੇ ਭਾਵੇਂ ਅੱਖਾਂ ਦੇ ਭਾਰ (ਪਰਨੇ) ਹੋ ਕੇ ਰਚਨਹਾਰ ਕਰਤਾਰ ਦੀ ਰਚਨਾ (ਅਕਾਰ) ਵਿਖੇ ਸਭ ਸੰਸਾਰ ਨੂੰ ਦੇਖਦਾ ਫਿਰਾਂ, ਅਤੇ ਦੁਨਿਆਵੀ ਗਿਆਨੀਆਂ ਪੰਡਿਤਾਂ ਨੂੰ ਪ੍ਰਮਾਰਥ ਸੰਬੰਧੀ ਕਿਤਨਾ ਹੀ ਪੁਛਦਾ ਫਿਰਾਂ, ਸਾਰੀਆਂ ਦੁਨੀਆਂ ਵਿਚ ਫਿਰ ਫਿਰ ਕੇ ਇਨ੍ਹਾਂ ਕਹਾਵਤੀ ਪੰਡਿਤਾਂ ਗਿਆਨੀਆਂ ਨੂੰ ਪੁਛ ਪੁਛ ਕੇ ਹੰਭ ਹਟਾਂ, ਅਤੇ ਬੇਦਾਂ ਦੀ ਬੀਚਾਰ ਨੂੰ ਟੋਹ ਤਕਾਂ, ਸਾਰੀਆਂ ਦੁਨੀਆਂ ਦੇ ਸੁਰਾਂ ਨਰਾਂ ਦੇਵਤਿਆਂ ਮਨੁਖਾਂ ਨੂੰ ਤੇ ਜੋਧੇ ਅਵਤਾਰ ਸਦਾਵਣ-ਹਾਰਿਆਂ ਨੂੰ ਵੀ ਪੁਛ ਪੁਛ ਕੇ ਥੱਕ ਰਹਾਂ, ਮਨ-ਉਕਤ ਸਮਾਧੀਆਂ ਲਾਉਣ ਵਾਲੇ ਸਿਧਾਂ ਦੀ ਰਿਧੀ ਸਿਧੀ ਨੂੰ ਸੁਣ ਸੁਣ ਕੇ ਉਨ੍ਹਾਂ ਦੇ ਬਨਾਵਟੀ ਦਰਬਾਰ ਜਾਇ ਦੇਖਾਂ, ਪਰ ਇਹ ਬਨਾਵਟੀ ਕਸ਼ਟਾਵਣੀਆਂ ਕਿਸੇ ਕੰਮ ਨਹੀਂ ਆਵਣੀਆਂ। ਅਗੇ (ਪ੍ਰਲੋਕ ਵਿਖੇ) ਸੱਚੇ ਵਾਹਿਗੁਰੂ ਦਾ ਨਾਮ ਹੀ ਕੰਮ ਆਉਂਦਾ ਹੈ, ਵਾਹਿਗੁਰੂ ਦਾ ਨਾਮ ਨਿਰਭਉ ਹੈ, ਭੈ ਤੋਂ ਬਿਨਾਂ ਹੈ, ਅਤੇ ਸਾਰ ਤੱਤ ਵਸਤੂ ਗ੍ਰਹਿਣ ਕਰਨ ਜੋਗ ਇਹੀ ਹੈ। ਹੋਰ ਉਪਰ ਦੱਸੀਆਂ ਸਭ ਕੱਚੀਆਂ ਮਤੀਆਂ ਹਨ, ਜੋਗ ਇਹੀ ਹੈ, ਹੋਰ ਸਭ ਕਪੋਲ ਕਿਰਿਆ ਹੀ ਹੈ, ਜੋ ਨਿਰੀ ਕਚ-ਪਿਚੀ ਹੈ। ਗੁਰਮਤਿ ਤੋਂ ਘੁਥੇ ਹੋਏ ਅੰਧੇ ਅਗਿਆਨੀਆਂ ਦੀ ਇਹ ਅੰਧ ਵੀਚਾਰ ਹੈ। ਵਾਹਿਗੁਰੂ ਦੀ ਬਖ਼ਸ਼ਿਸ਼ ਦੁਆਰਾ ਗੁਰੂ ਨਾਨਕ ਦੇ ਘਰ ਦੀ ਬਖ਼ਸ਼ੀ ਹੋਈ ਬੰਦਗੀ ਵਾਹਿਗੁਰੂ ਦੀ ਨਦਰ ਮੇਹਰ ਨਾਲ ਭਵਜਲ ਤੋਂ ਪਾਰ ਲੰਘਾਵਣ ਲਈ ਸਮਰੱਥ ਹੈ।

**ਸਾਸਤ੍ਰ ਬੇਦ ਪੁਰਾਣ ਪੜ੍ਹੰਤਾ॥ ਪੂਕਾਰੰਤਾ ਅਜਾਣੰਤਾ ॥**
**ਜਾਂ ਬੂਝੈ ਤਾਂ ਸੂਝੈ ਸੋਈ॥ ਨਾਨਕੁ ਆਖੈ ਕੂਕ ਨ ਹੋਈ ॥੧ ॥**

**(ਸਲੋਕ ਮ: ੧, ਸਾਰੰਗ ਕੀ ਵਾਰ, ਪੰਨਾ: ੧੨੪੨)**

ਸ਼ਾਸਤ੍ਰ ਬੇਦ ਪੁਰਾਣ ਨੂੰ ਪੜ੍ਹਨਹਾਰਾ ਐਵੇਂ ਫੋਕਾ ਹੀ ਪੜ੍ਹਾਕੂ ਰਹਿੰਦਾ ਹੈ, ਜਿਉਂ ਜਿਉਂ ਉਹ ਬੇਦ ਪੁਰਾਣ ਸ਼ਾਸਤ੍ਰਾਂ ਨੂੰ ਪੁਕਾਰਦਾ ਹੈ ਤਿਉਂ ਤਿਉਂ ਉਹ ਅਜਾਣ ਮੂਰਖ ਅਗਿਆਨੀ ਹੀ ਰਹਿੰਦਾ ਹੈ। ਸੱਚੀ ਬੂਝਣੀ ਜੇ ਕੋਈ ਜਗਿਆਸੂ ਖੋਜੀ ਬੂਝਣਾ ਚਾਹੇ ਤਾਂ ਉਸ ਨੂੰ ਗੁਰਮਤਿ ਮਾਰਗ ਦੀ ਸੱਚੀ ਸੂਝ ਆਵੇ। ਗੁਰੂ ਨਾਨਕ ਸਾਹਿਬ ਦੀ ਗੁਰ-ਦੀਖਿਆ ਮਈ ਆਖਣੀ ਗੁਰਮੰਤਰ ਗੁਰਮਤਿ ਨਾਮ ਨੂੰ ਜੇ ਕੋਈ ਆਖੇ ਤਾਂ ਉਸ ਦੀ ਕੂਕ ਪੁਕਾਰ ਸਭ ਮਿਟ ਜਾਂਦੀ ਹੈ, ਐਵੇਂ ਕਦੇ ਨਹੀਂ ਮਿਟਦੀ। ਭਾਵੇਂ ਆਨਮਤ ਦੀਆਂ ਦੱਸੀਆਂ ਗੱਲਾਂ ਮਨ-ਉਕਤ ਵੀਚਾਰ ਕਰ ਕੇ ਕਿਤਨੀਆਂ ਹੀ ਉਚਾਰਦਾ ਫਿਰੇ, ਇਹ ਸਭ ਭੇਖ-ਕਰਣੀਆਂ ਹਨ, ਜੋ ਗੁਰਮਤਿ ਅੰਦਰ ਖੰਡਨ ਹਨ।

**(ਬਾਕੀ ਅਗਲੇ ਅੰਕ 'ਚ)**



# ਜਬ ਲਗ ਖਾਲਸਾ ਰਹੇ ਨਿਆਰਾ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ। ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ। ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ।

ਨਾਮੋਂ ਘੁਥੇ ਧਰਮ-ਹੀਣ ਆਨਮਤੀਆਂ ਸਾਕਤਾਂ ਕੁਸੰਗੀਆਂ ਦੇ ਨਾਲ ਮਿਲਗੋਭਾ ਹੋਣ ਕਰਕੇ ਖਾਲਸਾ ਜੀ ਦਾ ਤੇਜ ਪ੍ਰਤਾਪ ਘਟਦਾ ਹੈ, ਜੈਸੇ ਕਿ ਦਸਮੇਸ਼ ਜੀ ਦਾ ਸਿਖ ਪ੍ਰਤੀ ਇਸ ਬਿਧਿ ਹਿਤ ਉਪਦੇਸ਼ ਹੈ:

**ਜਬ ਲਗ ਖਾਲਸਾ ਰਹੇ ਨਿਆਰਾ॥ ਤਬ ਲਗ ਤੇਜ ਦੀਓ ਮੈਂ ਸਾਰਾ॥**
**ਜਬ ਇਹ ਗਹੈ ਬਿਪਰਨ ਕੀ ਰੀਤ॥ ਮੈਂ ਨ ਕਰੋਂ ਇਨ ਕੀ ਪ੍ਰਤੀਤ॥**
**(ਸਰਬ ਲੋਹ ਗ੍ਰੰਥ)**

ਤਾਂ ਤੇ ਖਾਲਸੇ ਜੀ ਦਾ ਤੇਜ ਪ੍ਰਤਾਪ ਆਨਮਤੀਆਂ ਦੇ ਮਿਲਗੋਭਾਪਨ ਤੋਂ ਨਿਆਰਾ (ਨਿਰਾਲਾ) ਰਹਿਣ ਵਿਚ ਹੀ ਹੈ। ਆਨਮਤੀਆਂ ਵਿਖੇ ਮਿਲਗੋਭਾ ਹੋ ਜਾਣ ਵਿਚ ਖਾਲਸਾ ਪੰਥ ਦੀ ਨਿਰਾਲੀ ਹਸਤੀ ਹੀ ਨਹੀਂ ਰਹਿੰਦੀ ਅਤੇ ਖਾਲਸਾ ਪੰਥ ਨੂੰ ਬੇਦੀ ਕਤੇਬੀ ਦੋਹੁ ਪ੍ਰਕਾਰ ਦੀਆਂ ਭਿੰਨ-ਭਿੰਨ ਸ਼੍ਰੇਣੀਆਂ ਦੇ ਆਨਮਤਾਂ ਵਿਚੋਂ ਨਿਆਰਾ ਅਤੇ ਨਿਰਾਲਾ ਕਰਨ ਦੀ ਲੋੜ ਸ੍ਰੀ ਦਸਮੇਸ਼ ਨੂੰ ਇਸ ਵਾਸਤੇ ਪਈ ਕਿ:

**ਦੁਹੂੰ ਪੰਥ ਮੈਂ ਕਪਟ ਵਿੱਦਯਾ ਚਲਾਨੀ॥ ਬਹੁੜ ਤੀਸਰਾ ਪੰਥ ਕੀਜੈ ਪਰਧਾਨੀ॥**
**(ਉਗ੍ਰਦੰਤੀ, ਛਕਾ : ੫)**

ਦੇ ਸ੍ਰੀ ਮੁਖ ਬਚਨ ਅਨੁਸਾਰ ਸ੍ਰੀ ਦਸਮੇਸ਼ ਜੀ ਨੂੰ ਮਨਜ਼ੂਰ ਸੀ ਕਿ ਆਨਮਤੀਆਂ ਵਿਖੇ ਮਿਲਗੋਭਾ ਰਹਿਣ ਕਰਕੇ ਨਿਰੋਲ ਖਾਲਸਾ ਪੰਥ ਨੂੰ ਕਪਟ-ਪੰਥੀਆਂ ਦੀਆਂ ਕਪਟ ਕਰਤੂਤਾਂ, ਕਪਟ ਕੁਰਹਿਣੀਆਂ, ਕਪਟ ਕੁਰਹਿਤਾਂ, ਕਪਟ ਕੁਚਾਲਾਂ ਅਤੇ ਕਪਟ ਕੁਵਹਿਦਤਾਂ ਤੇ ਕਮਜ਼ੋਰੀਆਂ ਦਾ ਲੇਸ ਲਛਣ ਨ ਲਗਣਾ ਪਾਵੇ। ਜੇਕਰ ਸ੍ਰੀ ਦਸਮੇਸ਼ ਜੀ ਇਸ ਬਿਧਿ ਖਾਲਸਾ ਜੀ ਨੂੰ ਆਨਮਤੀਆਂ ਦੇ ਮਿਲਗੋਭੇ ਤੋਂ ਨਿਰਾਲਾ ਨਾ ਰਖਦੇ ਅਤੇ ਨਿਆਰਾ ਨਾ ਕਰ ਦਿੰਦੇ ਤਾਂ ਅੱਜ ਤਾਈਂ ਖਾਲਸਾ ਪੰਥ ਦੀ ਹਸਤੀ ਨੇ ਹੀ ਮਲੀਆਮੇਟ ਹੋ ਜਾਣਾ ਸੀ।

ਇਕ ਕੌਮ ਦੇ ਦੂਜੀ ਕੌਮ ਤੋਂ ਨਿਰਾਲੇ ਅਤੇ ਨਿਆਰੇ ਹੋਣ ਦੀ ਪਛਾਣ ਆਸ਼ਾ, ਇਸ਼ਟ, ਉਪਾਸ਼ਨਾ, ਖਾਨ, ਪਾਨ, ਪਹਿਰਾਨ ਵਿਚ ਹੈ। ਸੋ ਖਾਲਸਾ ਇਸ ਪਛਾਣ ਦੇ ਸਰਬ ਅੰਗਾਂ ਵਿਚ ਹੀ ਆਨਮਤੀਆਂ ਤੋਂ ਨਿਰਾਲਾ ਅਤੇ ਵਖਰਾ ਹੈ। ਇਸ ਨਿਰਾਲਾਪਣ ਵਿਚ, ਇਸ ਵਖਰਾਪਣ ਵਿਚ ਖ਼ਾਲਸਾ ਪੰਥ ਦੀ ਸ਼ਾਨ ਦਿਨੋ ਦਿਨ ਸਵਾਈ, ਦੂਣ ਸਵਾਈ ਅਤੇ ਚੜ੍ਹਦੀ ਕਲਾ ਵਿਚ ਚੜ੍ਹਦੀ ਚਮਕਦੀ ਜਾਂਦੀ ਹੈ। ਕਿਉਂਕਿ ਮਿਲਗੋਭਾ ਨਾ ਰਹਿਣ ਵਿਚ ਖਾਲਸਾ ਪੰਥ ਦੀ ਸ੍ਰੇਸ਼ਟਤਾ ਵਿਲੱਖਣਤਾ ਗੱਜ ਵੱਜ ਕੇ ਪ੍ਰਗਟ ਪਹਾਰੇ ਪ੍ਰਕਾਸ਼ਤ ਹੋ ਜਾਂਦੀ ਹੈ। ਇਸ ਚੜ੍ਹਦੀ ਕਲਾ ਦੇ ਮੌਜ ਬਹਾਰੀ ਰੰਗ ਵਿਚ ਖਾਲਸਾ ਜੀ ਦੇ ਆਨਮਤੀਆਂ ਤੋਂ ਵਖਰਾ ਹੋਣ ਅਤੇ ਨਿਰਾਲਾ ਰਹਿਣ ਕਰਿ ਖਾਲਸਾ ਜੀ ਨੂੰ ਨਫ਼ਰਤ ਅਤੇ ਬੇਇਤਫ਼ਾਕੀ ਦੀ ਬਿਥਾਰਕ ਹੋਣ ਦੀ ਕਲੰਕ ਭਰੀ ਲੀਕ ਭੀ ਨਹੀਂ ਲੱਗ ਸਕਦੀ, ਕਿਉਂਕਿ ਖਾਲਸਾ ਪੰਥ ਦੀ ਸਾਜਨਾ ਹੀ ਪਰਉਪਕਾਰ ਨਮਿਤ ਹੈ। ਖਾਲਸਾ ਜੀ ਦਾ ਬਿਰਦ ਹੈ ਕਿ ਦੀਨਾਂ ਦੁਖੀਆਂ ਨੂੰ, ਭਾਵੇਂ ਉਹ ਕਿਸੇ ਭੀ ਮਤ ਵਿਚੋਂ ਹੋਵਨਿ, ਦੋਖੀਆਂ ਜ਼ਾਲਮਾਂ ਕੋਲੋਂ ਉਭਾਰੇ।

ਖਾਲਸਾ ਜੀ ਦਾ ਖਾਲਸਾ ਪੰਥ ਦੇ ਬਾਨੀ ਮੁਬਾਨੀ ਸ੍ਰੀ ਗੁਰੂ ਦਸਮੇਸ਼ ਜੀ ਦਾ ਪਰਮ ਧਰਮ ਮੁਖ ਉਪਕਾਰ ਹੀ ਇਹ ਹੈ ਕਿ ਸਰਬ ਸੰਸਾਰੀਆਂ ਨੂੰ, ਸੰਸਾਰ ਭਰ ਦੇ ਪ੍ਰਾਣੀ ਮਾਤਰ ਨੂੰ (ਭਾਵੇਂ ਕਿਸੇ ਮਤ ਮਤਾਂਤਰ, ਬਰਨ ਅਬਰਨ, ਜਾਤ ਜਨਮ, ਨਸਲ ਕੁਨਸਲ, ਦੇਸ ਬਿਦੇਸ ਵਿਚੋਂ ਕੋਈ ਹੋਵੇ) ਨਾਮ ਅੰਮ੍ਰਿਤੀ ਜੀਅ ਦਾਨ ਦੇ ਕੇ ਅਤੇ ਭਗਤੀ ਪ੍ਰਾਇਣ ਕਰ ਕੇ ਅਕਾਲ ਪੁਰਖ ਦੇ ਨਾਲ ਮਿਲਾਇਆ ਜਾਵੇ। ਇਸ ਤੋਂ ਵਧ ਕੇ ਸੱਚਾ ਪ੍ਰੇਮ, ਸੱਚਾ ਜਿਗਰੀ ਪ੍ਰੇਮ ਹੋਰ ਕੀ ਹੋ ਸਕਦਾ ਹੈ? ਇਸ ਤੋਂ ਵਧ ਕੇ ਇਤਫ਼ਾਕ, ਸੱਚੇ ਇਤਫ਼ਾਕ ਨੀਚ ਊਚ ਨੂੰ ਇਕਸ ਸਮਾਨ ਕਰਿ ਦਿਖਾਵਣ ਦੀ ਸੱਚੀ ਮੇਅਰਾਜ ਤੇ ਇਕ-ਸਾਰ ਇਕੋ ਘੜੀ ਤੇ ਲਿਆ ਦੇਣ ਵਾਲੇ ਇਤਫ਼ਾਕ

ਦੀ ਹੋਰ ਕੀ ਮਸਾਲ ਹੋ ਸਕਦੀ ਹੈ। ਸ੍ਰਿਸ਼ਟੀ ਭਰ ਨੂੰ ਇਕਸਾਰ ਇਕ-ਜਾਨ ਕਰਕੇ ਸੁੱਚੀ ਉਚਾਣ ਉਤੇ ਲੈ ਜਾਣ ਦਾ ਨਿਰਾਲਾ ਢੰਗ ਇਹ ਖਾਲਸਾ ਜੀ ਦਾ ਨਿਰਲੇਪ ਚੜ੍ਹਦੀਆਂ ਕਲਾਵਾਂ ਵਿਚ ਨਿਰਾਲੇ ਰਹਿਣਾ ਹੀ ਹੈ। ਧਰਮ-ਹੀਣ ਬੇਦੀਨ ਪੁਰਸ਼ਾਂ ਵਿਚ ਨਿਰਲੇਪ ਨਿਰਾਲੇ ਰਹਿ ਕੇ ਆਪਣੀ ਨਿਰਾਲੀ ਰਹਿਣੀ ਦੇ ਧਰਮ ਪੁੰਜ ਉਪਕਾਰੀ ਔਜ ਵਾਲੇ ਪ੍ਰਮਾਰਥੀ ਪੂਰਨਿਆਂ ਸੰਪੰਨ ਪਵਿੱਤਰ ਜੀਵਨ ਦੇ ਆਕ੍ਰਖਣੀ ਅਕਸ ਸੰਸਾਰੀਆਂ ਦੇ ਤ੍ਰੁੱਕੇ ਹੋਏ ਜੀਵਨਾਂ ਉਤੇ ਪਾਉਣਾ ਪਰਲੇ ਦਰਜੇ ਦਾ ਪਰਉਪਕਾਰ ਅਤੇ ਪ੍ਰੇਮ ਹੈ। ਏਸੇ ਪ੍ਰੇਮ ਤੋਂ, ਏਸ ਪਰਉਪਕਾਰ ਜੀਵਨ ਦੀ ਪ੍ਰੇਮ ਰੌ ਪੈਦਾ ਕਰਨ ਵਾਲੀ ਕਣੀ ਤੋਂ ਸੱਚੇ ਅਤੇ ਨਿੱਗਰ ਇਤਫ਼ਾਕ ਦੀ ਬੁਨਿਆਦ ਬਝਦੀ ਹੈ।

ਜੋ ਜੀਵਨ ਤ੍ਰੁੱਕੇ ਹੋਏ ਸੰਸਾਰੀਆਂ ਦੀ ਪੰਕਜ ਕਰਣੀ ਨੀਚ ਕਰਣੀ ਨਿਘਰਤ ਕਰਣੀ ਵਿਚ ਗਰਤ ਹੋ ਗਿਆ, ਉਹ ਤਾਂ ਆਪ ਹੀ ਨਿੱਘਰ ਗਿਆ, ਉਸ ਨੇ ਦੂਸਰਿਆਂ ਨੂੰ ਕੀ ਉਭਾਰਨਾ ਹੈ। ਆਨਮਤੀਆਂ ਦੇ ਧਰਮ ਹੀਣ ਅਚਾਰ ਰਹਿਤ ਸੰਸਕਾਰ ਕਰਮਾਂ ਵਿਚ ਸੰਮਿਲਤ ਹੋ ਜਾਣਾ ਕਿਧਰਲਾ ਪ੍ਰੇਮ ਇਤਫ਼ਾਕ ਹੈ? ਜਿਸ ਦੇ ਨਾਲ ਸਾਡਾ ਆਸ਼ਾ ਇਸ਼ਟ ਉਪਾਸ਼ਨਾ ਖਾਨ ਪਾਨ ਪਹਿਰਾਨ ਨਹੀਂ ਮਿਲਦਾ, ਉਸ ਨੂੰ ਉਸ ਦਸ਼ਾ ਤੋਂ ਉਭਾਰੇ ਬਿਨਾਂ ਅਤੇ ਉਸ ਨੂੰ ਜੀਵਨ-ਗੁੜ੍ਹਤੀ ਦਿਤੇ ਬਿਨਾਂ ਉਸ ਦੇ ਨਾਲ ਖਾਨ ਪਾਨ ਆਦਿਕ ਵਿਚ ਲੰਪਤ ਅਤੇ ਚਗਲ ਹੋ ਜਾਣਾ ਕੋਈ ਪ੍ਰੇਮ ਇਤਫ਼ਾਕ ਦਾ ਪਰਚਾਰ ਕਰਨਾ ਨਹੀਂ, ਸਗੋਂ ਅਪ੍ਰੇਮ ਅਧਰਮ ਵਿਥਾਰਨਾ ਹੈ। ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਦਾ ਚੜ੍ਹਦੀ ਕਲਾ ਵਾਲੇ ਉਚ ਮਤੇ ਦਾ ਅਤੇ ਧਰਮ ਹਿਤ, ਦੀਨ ਰਖਿਆ ਹਿਤ ਅਤੇ ਦੇਸ ਰਖਿਆ ਹਿਤ ਮਰਨ ਵਾਲੇ ਬੀਰ ਰਸ ਦਾ। ਕਿਸੇ ਆਨਮਤੀ ਗੁਆਂਢੀ ਕੌਮ ਦਾ ਜੇ ਆਸ਼ਾ ਅਸੂਲ ਇਸ ਤੋਂ ਭਿੰਨ ਕਰਾੜਾਂ ਵਾਲੀ ਕਾਇਰਤਾ ਦਾ ਹੋਵੇ ਤਾਂ ਕੀ ਅਸਾਡਾ ਉਸ ਕੌਮ ਦੇ ਨਾਲ ਅਸਲੀ ਅਤੇ ਜਿਗਰੀ ਇਤਫ਼ਾਕ ਹੋ ਸਕਦਾ ਹੈ ਅਤੇ ਨਿਭ ਸਕਦਾ ਹੈ? ਖਾਲਸਾ ਜੀ ਦਾ ਆਸ਼ਾ ਅਸੂਲ ਹੈ:

**ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥੧੧॥ ( ॥੬੭॥)**

**(ਸਲੋਕ ਮ: ੩, ਪੰਨਾ: ੧੪੧੩)**

ਗੁਰਵਾਕ ਦੇ ਭਾਵ ਅਨੁਸਾਰ ਸੱਚੇ ਅਬਿਚਲ ਅਬਿਨਾਸ਼ੀ ਪ੍ਰਮਾਰਥੀ ਰਾਜ ਮਾਨਣ ਦੀ ਆਤਮ-ਤ੍ਰੰਗੀ ਮੌਜ-ਮਸਤੀ ਵਿਚ ਸੰਸਾਰ ਦੇ ਕੂੜਾਵੇ ਰਾਜ ਸਾਜ ਦੀ ਚਾਹ ਤ੍ਰਿਸ਼ਨਾ ਤੋਂ ਸਦਾ ਨਿਰਚਾਹ ਬੇਪਰਵਾਹ ਰਹਿਣਾ ਅਤੇ ਧਰਮ-ਸ਼ੂਨ, ਨਾਮ ਬਿਹੂਨ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਸੰਸਾਰ ਦੀ ਮਾਇਕ ਤ੍ਰਿਸ਼ਨਾ ਭਰੀ ਸੁਰਾਜ ਦੀ ਕੂੜਾਵੀ ਚਾਹ ਅਤੇ ਮੰਗਤਿਆਂ ਵਾਲੀ ਕੰਗਲੀ ਮੰਗ; ਅਤੇ ਖਾਲਸਾ ਜੀ ਦਾ ਆਸ਼ਾ ਅਸੂਲ ਹੈ ਸਿਰੀ ਸਾਹਿਬ ਦੇ ਜ਼ੋਰ ਅਧਰਮ ਦਾ ਨਾਸ ਕਰਨਾ ਅਤੇ ਜ਼ੁਲਮ-ਰਹਿਤ ਧਰਮ ਦੇ ਰਾਜ, ਹਲੇਮੀ ਰਾਜ ਦਾ ਬਿਥਾਰਨਾ ਫੈਲਾਵਣਾ ਅਤੇ ਆਨਮਤੀਆਂ ਦਾ ਆਸ਼ਾ ਅਸੂਲ ਹੋਵੇ ਜ਼ਾਲਮ ਤੋਂ ਡਰਦੇ ਮਾਰੇ ਜ਼ੁਲਮ ਸਹਾਰਨ ਦੀ ਸੱਚੀ ਸਹਿਨ-ਸ਼ੀਲਤਾ ਹੀਣੀ ਸ਼ੁਸ਼ਕ ਹਠ-ਅਧੀਨੀ ਸ਼ਾਂਤਮਈ ਪਾਲਿਸੀ ਆਪਣਾ ਧਰਮ ਕਰਮ ਗੰਵਾ ਕੇ ਭੀ ਸਹੇੜੀ ਰਖਣੀ, ਤਾਂ ਖਾਲਸਾ ਜੀ ਦਾ ਤੇ ਅਜਿਹੀ ਆਨਮਤੀ ਕੌਮ ਦਾ ਇਤਫ਼ਾਕ ਕਿਹਾ? ਫੇਰ ਖਾਲਸਾ ਜੀ ਦਾ ਇਸ਼ਟ ਰਹਿਬਰ ਹੈ ਸਰਬੱਗ ਸਤਿਗੁਰੂ ਗੁਰਦੇਵ, ਅਤੇ ਕਿਸੇ ਆਨਮਤੀ ਕੌਮ ਦਾ ਰਹਿਬਰੀ ਇਸ਼ਟ ਹੋਵੇ ਕੋਈ ਅਲਪਗ ਇਖ਼ਲਾਕੀ ਆਗੂ ਰੀਫ਼ਾਰਮਰ, ਅਤੇ ਖਾਲਸਾ ਜੀ ਦਾ ਮਤਾ ਗੁਰਮਤਾ ਹੈ ਆਪਣੇ ਅਕਾਲ ਪਠਾਏ ਗੁਰਦੇਵ ਦੇ ਅਕਾਲੀ ਅਸੂਲਾਂ ਉਤੇ ਚਲਣਾ ਅਤੇ ਆਨਮਤੀਆਂ ਦਾ ਮਨਮਤਾ ਹੋਵੇ ਉਕਤ ਅਲਪਗ ਆਗੂ ਦੇ ਮਨਘੜਤ ਮਸਲਿਆਂ ਦੀ ਪੂਛ ਫੜੀ ਰਖਣਾ, ਤਾਂ ਦੱਸੋ ਅਸਾਡਾ ਅਤੇ ਐਸੇ ਆਨਮਤੀਆਂ ਦਾ ਜਿਗਰੀ ਇਤਫ਼ਾਕ ਕਿਕੂੰ ਬਣੇ? ਫੇਰ ਖਾਲਸਾ ਜੀ ਅੰਦਰ ਹੈ ਇਕ ਅਕਾਲ ਦੀ ਅਤੇ ਅਕਾਲ ਦੇ ਨਾਮ ਦੀ ਨਾਮ-ਨਾਮੀ-ਅਭੇਦ ਉਪਾਸ਼ਨਾ, ਅਤੇ ਆਨਮਤੀਆਂ ਦੀ ਉਪਾਸ਼ਨਾ ਹੋਵੇ ਪ੍ਰਿਤਮਾ ਪੂਜਣ ਦੀ ਅਤੇ ਤੇਤੀ ਕ੍ਰੋੜ ਦੇਵਤਿਆਂ ਦੇ ਅਗੇ ਮੱਥੇ ਰਗੜਨ ਦੀ, ਤਾਂ ਭੀ ਖਾਲਸਾ ਜੀ ਅਤੇ ਅਜਿਹੇ ਆਨਮਤੀਆਂ ਦਾ ਅਜੋੜ ਹੀ ਰਿਹਾ ਅਤੇ ਅਸਲ ਇਤਫ਼ਾਕ ਨ ਹੋਣਾ ਪਾਇਆ। ਫੇਰ ਖਾਲਸਾ ਜੀ ਦੇ ਖਾਨ ਪਾਨ ਮਰਯਾਦਾ ਵਿਚ ਭੀ ਜ਼ਮੀਨ ਅਸਮਾਨ ਦਾ ਫ਼ਰਕ ਹੋਇਆ। ਖਾਲਸਾ ਜੀ ਨੇ ਨਿਰੇ ਜਿਹਬੀ ਰਸ ਦੀ ਖ਼ਾਤਰ ਜੀਵਾਂ ਨੂੰ ਬੇਦਰਦੀ ਨਾਲ ਕੁਹ (ਕਟ) ਕੇ ਤਿਆਰ ਕੀਤੇ ਕੁੱਠੇ (ਮਾਸ) ਦੇ ਨੇੜੇ ਨ ਜਾਣਾ ਅਤੇ ਹੜੇ ਹਲਾਲ ਨੂੰ ਹਰਾਮ ਸਮਝਣਾ, ਪ੍ਰੰਤੂ ਆਨਮਤੀਆਂ ਨੇ ਹਲਾਲ ਹਰਾਮ ਦੀ ਕੋਈ ਤਮੀਜ਼ ਨ ਰਖਦੇ ਹੋਏ ਭੱਖ ਅਭੱਖ ਨੂੰ ਹੜੱਪ ਕਰੀ ਜਾਣਾ। ਖਾਲਸਾ ਜੀ ਨੇ ਜਗਤ-ਜੂਠ ਬਿਖਿਆ ਨੂੰ ਬਿਖ ਸਮਾਨ ਸਮਝਦੇ ਹੋਏ ਉਸ ਦਾ ਧੂਆਂ ਤਕ ਲੈਣ ਤੋਂ ਭੀ ਪਰਹੇਜ਼ ਕਰਨਾ ਅਤੇ ਜਗਤ ਭਰ ਦੀਆਂ ਆਨ ਕੌਮਾਂ ਨੇ ਏਸੇ ਜਗਤ-ਜੂਠ ਨੂੰ ਸਭ ਅਹਾਰਾਂ ਤੋਂ ਪ੍ਰਿਆ ਅਹਾਰ ਸਮਝ ਕੇ ਇਸ ਦਾ ਸੇਵਨ ਕਰਨਾ। ਕੋਈ ਇਤਫ਼ਾਕ ਦੀ ਸੂਰਤ ਹੈ, ਪਰਸਪਰ ਅਸਾਡੇ ਅਤੇ ਸਮੂਹ ਆਨਮਤੀਆਂ ਵਿਖੇ? ਕਦਾਚਿੱਤ ਨਹੀਂ। ਫੇਰ ਅਸਾਡਾ (ਖਾਲਸਾ ਜੀ ਦਾ) ਪਹਿਰਾਵਾ ਸ਼ਸਤਰਾਂ ਸੁਰਮਈ ਅਕਾਲੀ ਬਸਤਰਾਂ ਦਾ ਅਤੇ ਪੰਜ ਕਕਾਰਾਂ ਦੀ ਰਹਿਤ ਦਾ। ਕਛਹਿਰਾ ਸਜਾ ਕੇ ਹਰ ਦਮ ਨਗਾਰੇ ਵਾਂਗੂੰ ਡਟ ਕੇ ਤਿਆਰ-ਬਰ-ਤਿਆਰ ਗੁਰਮੁਖੀ ਪੁਸ਼ਾਕਿਆਂ ਅਤੇ ਦੂਹਰੇ ਸਜੀਲੇ ਦਸਤਾਰਿਆਂ ਅਤੇ ਗੁਰਮੁਖੀ ਦਾੜ੍ਹਿਆਂ ਵਾਲੇ ਦਿਦਾਰਿਆਂ ਸਹਿਤ ਸਜੇ ਧਜੇ ਸੂਰਬੀਰਾਂ ਦੀ ਸ਼ਾਨ ਵਿਚ ਰਹਿਣਾ, ਤੇ ਕਿਥੇ ਧੋਤੀ ਪੁਸ਼ਾਕ, ਸਿਰ ਮੂੰਹ ਮੁੰਨਿਆ ਅਤੇ ਦਾੜ੍ਹੀ ਮੁੱਛਾਂ ਮੁਨਾ ਕੇ ਚਟਮ ਕਰਾਈ ਰਖਣ ਵਾਲਿਆਂ ਟੋਪੀ-ਪੋਸ਼ਾਂ ਤੇ ਲੰਗੋਟੀ-ਲਪੇਟਾਂ ਤੇੜ ਤੜਾਗੀ ਦੇ ਸ਼ੁਕੀਨਾਂ ਦਾ ਕਾਇਰ ਕ੍ਰਾਂਤੀ ਗਿੱਦੜ-ਗੁੰਮੀ ਪਹਿਰਾਵਾ। ਕਦੇ ਅਸਾਡਾ ਅਤੇ ਓਹਨਾਂ ਦਾ ਅਸਲ ਇਤਫ਼ਾਕ ਅਤੇ ਜੜ-ਮੂਲੀ ਜੋੜ ਹੋ ਸਕਦਾ ਹੈ? ਕਦੇ ਨਹੀਂ। ਕਦਾਚਿੱਤ ਨਹੀਂ।

**ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥...॥੧੬॥**

**(ਵਾਰ ਮਾਝ, ਮ: ੧, ਪੰਨਾ: ੧੪੫)**

ਸੰਸਾਰੀ ਸਾਰੇ ਆਨਮਤੀ ਮਨਮਤੀ ਹਨ ਅਤੇ ਭਗਤ ਹਨ ਖਾਲਸਾ ਜੀ, ਹਰੀ ਜਨ, ਜੋ ਪ੍ਰੇਮਾ ਭਗਤੀ ਦੇ ਜਾਨਣ-ਹਾਰ ਪੁਤਲੇ ਹਨ।

**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥੪॥੩॥**

**(ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ ਘਰੁ ੧, ਪੰਨਾ: ੬੫੫)**

ਜਿਸ ਪ੍ਰੇਮਾ ਭਗਤੀ ਦੇ ਪ੍ਰੇਮ-ਮੰਡਲ ਵਿਚ ਖਾਲਸਾ ਖੇਡਦਾ ਹੈ, ਜਦੋਂ ਤੀਕ ਓਸੇ ਪ੍ਰੇਮ-ਮੰਡਲ ਦੇ ਦਾਇਰੇ ਅੰਦਰ ਸਾਰੇ ਆਨਮਤੀ ਨਹੀਂ ਆ ਜਾਂਦੇ, ਤਦ ਤੀਕ ਪੂਰਨ ਖਾਲਸ ਪ੍ਰੇਮ ਅਤੇ ਅਸਲੀ ਇਤਫ਼ਾਕ ਦੀ ਰੂਹ, ਤਾਰ ਨਹੀਂ ਫਿਰ ਸਕਦੀ। ਇਸ ਰੂਹ-ਤਾਰ ਦੇ ਫਿਰੇ ਬਿਨਾਂ ਓਪਰਾ ਇਤਫ਼ਾਕ ਇਤਫ਼ਾਕ ਕੂਕਣਾ ਕੀ ਅਰਥ ਰਖਦਾ ਹੈ? ਸਿਰਫ਼ ਇਹ ਜ਼ਾਹਰ ਕਰਨ ਲਈ ਕਿ ਸਭ ਦੇਸ਼-ਵਾਸੀਆਂ ਦਾ ਪਰਸਪਰ ਇਤਫ਼ਾਕ ਹੈ, ਇਕ ਅਸਥਾਨ, ਇਕ ਦਸਤਰਖ਼ਾਨ, ਇਕ ਟੇਬਲ ਅਤੇ ਇਕ ਤਸ਼ਤਰੀ ਉਤੇ ਇਕੱਠੇ ਬੈਠ ਕੇ ਭਿੰਨ ਭਿੰਨ ਮਤਾਂ ਵਾਲਿਆਂ ਦਾ ਖਾਨ ਪਾਨ ਇਕੱਠਾ ਕਰ ਲੈਣਾ ਇਕ ਢਕਵੰਜ ਹੈ। ਖ਼ਾਸ ਕਰ ਖਾਲਸਾ ਜੀ ਲਈ ਤਾਂ ਇਸ ਢਕਵੰਜ ਦੇ ਕੁਫੇਰ ਵਿਚ ਪੈਣਾ ਨੜਿੰਨਵੇ ਵਾਲਾ ਘਾਟਾ ਹੈ। ਕਿਉਂਕਿ

ਓਹ ਖਾਲਸਾ ਕੌਮ ਹੀ ਹੈ ਜਿਸ ਦੇ ਅੰਦਰਿ ਪਤਿਤ ਕਰਮਾਂ ਵਿਖੇ ਪਰਵਿਰਤ ਹੋਣ ਦੀ ਰੋਕ ਪਾਬੰਦੀ ਸੱਚੀ ਭੈ-ਭਾਵਨੀ ਕਰਕੇ ਹੈ। ਹੋਰ ਕੌਮਾਂ ਅੰਦਰਿ ਇਸ ਪਾਸਿਓਂ ਉੱਕੀ ਖੁਲ੍ਹ ਖੇਡ ਹੈ। ਕੋਈ ਕੌਮ ਐਸੀ ਹੈ ਜਿਸ ਦੇ ਅੰਦਰਿ ਜੇ ਕੋਈ ਪਰਤ੍ਰਿਆ-ਗਾਮੀ ਹੋਵੇ ਤਾਂ ਪਤਿਤ ਅਤੇ ਅਮਲੀ ਤੌਰ ਤੇ ਕੌਮ ਤੋਂ ਖ਼ਾਰਜ ਗਰਦਾਨਿਆ ਜਾਵੇ ? ਜੇ ਹੈ ਤਾਂ ਗੁਰਵਾਕ:

**ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾਲਾਜੀਅਹਿ ॥...॥੮॥ ( ॥੨੩॥)**
**(ਫੁਨਹੇ ਮ: ੫, ਪੰਨਾ: ੧੩੬੨)**

ਕੋਈ ਕੌਮ ਦੁਨੀਆ ਦੇ ਤਖ਼ਤੇ ਉਤੇ ਹੈ ਜਿਸ ਦੇ ਅੰਦਰਿ ਜੇ ਕੋਈ ਧੂਮਰਪਾਨੀ ਬਿਖਿਆ-ਭਛੀ ਹੋ ਜਾਵੇ ਤਾਂ ਕੌਮ ਉਸ ਨੂੰ ਤਿਲਾਂਜਲੀ ਦੇ ਦੇਵੇ ? ਬਲਕਿ ਨੜਿੰਨਵੇਂ ਫ਼ੀ ਸਦੀ ਹਰ ਇਕ ਕੌਮ ਵਿਚ ਅਜਿਹੇ ਬਿਖਿਆ-ਪਾਨੀ ਹੋਣਗੇ। ਇਹ ਖਾਲਸਾ ਕੌਮ ਹੀ ਹੈ ਜਿਸ ਵਿਚ ਜੇ ਕੋਈ ਤਨਕ ਮਾਤਰ ਭੀ ਤਮਾਕੂ ਦਾ ਸੇਵਨਹਾਰ ਦਿਸ ਪਵੇ ਤਾਂ ਤਤਕਾਲ ਪੰਥ ਵਿਚੋਂ ਛੇਕਿਆ ਅਤੇ ਪਤਿਤ ਗਰਦਾਨਿਆ ਜਾਂਦਾ ਹੈ। ਬੜੇ ਅਸਚਰਜ ਦੀ ਗੱਲ ਹੈ ਕਿ ਤਮਾਕੂ ਦੇ ਤਨਖ਼ਾਹੀ ਸਿਖ ਤਾਂ ਪਤਿਤ ਕਰਮੀ ਸਮਝੇ ਜਾਣ ਕਰਕੇ ਪੰਥ ਵਿਚੋਂ ਖ਼ਾਰਜ ਕੀਤੇ (ਛੇਕੇ) ਜਾਣ ਅਤੇ ਖੁਲ੍ਹਮਖੁਲ੍ਹਾ ਤਮਾਕੂ ਵਰਤਣ ਭਖਣ-ਹਾਰਿਆਂ ਨਾਲ ਖਾਨ ਪਾਨ ਦੇ ਵਰਤਾਰੇ ਦੀ ਖੁਲ੍ਹ ਖੇਡ ਵਿਚ ਰੰਚਕ ਭੀ ਭੈ-ਭਰਮ ਨ ਰਖਿਆ ਜਾਵੇ।

ਕੀ ਇਹ ਚਗਲ ਪੰਥੀ ਹੋਣ ਦੇ ਕੁਲੱਛਣ ਨਹੀਂ ? ਕੀ ਇਹ ਗੁਰਮਤਿ ਅਸੂਲਾਂ ਤੋਂ ਬੇਮੁਖ ਹੋਣਾ ਨਹੀਂ? ਕੀ ਇਹ ਪਵਿੱਤਰ ਅੰਮ੍ਰਿਤ ਮਰਯਾਦਾ ਦੇ ਸਮੇਂ ਦ੍ਰਿੜ੍ਹਾਏ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਨੂੰ ਲਤਾੜਨਾ ਨਹੀਂ ? ਅਤੇ ਇਸ ਬਿਧਿ ਏਹਨਾਂ ਹੁਕਮਾਂ ਨੂੰ ਰਹਿਤ ਰਹਿਣੀ ਦੇ "ਰਹਿਣੀ ਰਹੈ ਸੋਈ ਸਿਖ ਮੇਰਾ॥" ਵਾਲੇ ਹੁਕਮਾਂ ਨੂੰ ਲਤਾੜਨਾ ਅੰਮ੍ਰਿਤਧਾਰੀ ਸਿੰਘ ਦੀ ਪਦਵੀ ਤੋਂ ਪਤਿਤ ਹੋਣਾ ਨਹੀਂ ? ਭੰਗ ਦੇ ਭਾੜੇ ਕਉਡੀ ਬਦਲੇ ਰਤਨ ਤਿਆਗਣ ਵਾਲੀ ਗੱਲ ਹੈ। ਖਾਨ ਪਾਨ ਦੀ ਸੁਖ-ਰਹਿਣੀ ਖੁਲ੍ਹ ਖੇਡ ਦੀ ਖ਼ਾਤਰ, ਲੋਕਾਚਾਰੀ ਇਤਫ਼ਾਕ ਦੇ ਪਰਪੰਚ-ਦਿਖਾਵੇ ਦੀ ਖ਼ਾਤਰ ਅਤੇ ਬਪੜੇ ਸੁਰਾਜ ਦੀ ਦੇਖਾ ਦੇਖੀ ਲਾਲਸਾ ਦੀ ਖ਼ਾਤਰ, ਲੋਕ ਪਰਲੋਕ ਦੇ ਸਹਾਈ, ਪ੍ਰਾਣੋਂ ਪਿਆਰੇ ਆਪਣੇ ਇਸ਼ਟ-ਅਸੂਲਾਂ ਨੂੰ ਧੱਕਾ ਦੇਣਾ ਕੰਚਨ ਬਦਲੇ ਕੋਇਲੇ ਦਾ ਬਿਹਾਜਣਾ ਹੈ।

ਜੇ ਸਾਰੀ ਤ੍ਰਿਲੋਕੀ ਦਾ ਐਸ਼੍ਵਰਜ ਭੀ ਮਿਲਦਾ ਹੋਵੇ ਓਸਦੇ ਬਦਲੇ ਗੁਰੂ ਕਾ ਸਿੰਘ ਬਿਬੇਕੀ ਗੁਰਮਤਿ ਅਸੂਲਾਂ ਦੀ ਕੁਰਬਾਨੀ ਕਦੇ ਨਹੀਂ ਕਰੇਗਾ। ਚਾਹੇ ਕਿਤਨੇ ਭੀ ਜਾਨ ਜੋਖੋਂ ਦੇ ਕਸ਼ਟਾਂ ਦਾ ਟਾਕਰਾ (ਮੁਕਾਬਲਾ) ਕਰਨਾ ਪਵੇ, ਪਰ ਗੁਰੂ ਕਾ ਸਚਿਆਰ ਸਿੰਘ ਬਿਬੇਕੀ ਆਪਣੇ ਬਿਬੇਕ ਅਸੂਲਾਂ ਤੋਂ ਕਦੇ ਨਹੀਂ ਥਿੜੇ ਥਿੜਕੇਗਾ।

ਇਤਫ਼ਾਕ ਅਤੇ ਪ੍ਰੇਮ ਦਾ ਪਰਖ-ਪਰਤਾਵਾ ਖਾਨ ਪਾਨ ਦੇ ਚਗਲ-ਘਚੋਲੇ ਵਿਚ ਨਹੀਂ (ਇਹ ਮਹਿਜ਼ ਮੁਲੰਮਾ ਪਾਜ ਹੈ ਅਤੇ ਲੋਕਾਚਾਰੀ ਦਿਖਾਵਾ ਹੈ), ਕਿੰਤੂ ਪ੍ਰੇਮ ਭਰੀ ਹਮਦਰਦੀ ਵਾਲੀ ਸਹਾਇਤਾ ਵਿਚ ਹੈ।

ਗੁਰੂ ਸਾਹਿਬ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਅਸਮਰੱਥ ਅਤੇ ਮਜ਼ਲੂਮ ਆਨਮਤੀਆਂ ਦੀ ਫ਼ਰਿਆਦ ਸੁਣ ਕੇ ਦਿੱਲੀ ਸੀਸ ਜਾ ਅਰਪਣ ਕੀਤਾ। ਦਰਦਵੰਦਾਂ ਦੀਆਂ ਦਰਦ ਭਰੀਆਂ ਫ਼ਰਿਆਦਾਂ ਜਦੋਂ ਜਦੋਂ ਭੀ ਗੁਰੂ ਪੰਥ ਪਾਸ ਪੁਜੀਆਂ, ਤੁਰਤ ਖਾਲਸਾ ਜੀ ਨੇ ਸਹਾਇਤਾ ਕੀਤੀ। ਹਿੰਦੂਆਂ ਦੀਆਂ ਬਹੂ ਬੇਟੀਆਂ ਜਰਵਾਨਿਆਂ ਪਾਸੋਂ ਅਨੇਕ ਵਾਰ ਛੁਡਾਈਆਂ ਅਤੇ ਆਪੋ ਆਪਣੇ ਘਰੀਂ ਸਹੀ ਸਲਾਮਤ ਪੁਚਾਈਆਂ। ਕੀ ਏਸ ਤੋਂ ਵਧ ਕੇ ਪ੍ਰੇਮ ਦੀ ਇਤਫ਼ਾਕ ਭਰੀ ਅੰਸ਼ ਸਪਿਰਟ ਦਾ ਉਦਾਹਰਣੀ ਨਮੂਨਾ ਕੋਈ ਮਿਲ ਸਕਦਾ ਹੈ ?

ਅਸਲ ਬਾਤ ਇਹ ਹੈ, ਜਿਸ ਕੌਮ ਅੰਦਰ ਧਰਮ ਭਾਵ ਅਤੇ ਪਰਉਪਕਾਰ ਦਾ ਮਾਦਾ ਕੁਟ-ਕੁਟ ਕੇ ਭਰਿਆ ਹੋਵੇ ਉਸਦੇ ਅੰਦਰ ਸੁਤੇ ਸੁਭਾਵ ਹੀ ਪ੍ਰੇਮ ਭਰੀ ਹਮਦਰਦੀ ਦੇ ਵਲਵਲੇ ਫੁੱਟ ਫੁੱਟ ਕੇ ਨਿਕਲਦੇ ਹਨ। ਜੋ ਪ੍ਰਾਣੀ ਮਾਤਰ ਨੂੰ ਪ੍ਰੇਮ-ਦ੍ਰਿਸ਼ਟੀ ਨਾਲ ਦੇਖਦੇ ਹਨ, ਉਹ ਸਭਨਾਂ ਦਾ ਭਲਾ ਮਨਾਉਂਦੇ ਹਨ ਅਤੇ ਬੁਰਾ ਕਿਸੇ ਦਾ ਭੀ ਨਹੀਂ ਚਿਤਵਦੇ ਤੇ ਲੋਚਦੇ। ਬਸ, ਇਤਫ਼ਾਕ ਅਤੇ ਪ੍ਰੇਮ ਦੀ ਸੱਚੀ ਨੀਂਹ ਧਰਮ ਉਤੇ ਹੈ। ਜਿਸਦੇ ਅੰਦਰਿ ਧਰਮ ਨਹੀਂ, ਉਸਦੇ ਰਿੰਦਤਰਿ ਉਪਰਲੀ ਪੋਚਾ ਪਾਚੀ ਨਾਲ ਪ੍ਰੇਮ ਇਤਫ਼ਾਕ ਨਹੀਂ ਵਸ ਧਸ ਸਕਦਾ। ਨਿਗੋਸਾਇਆਂ, ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਧਰਮ ਪੁੰਜ ਖਾਲਸਾ ਜੀ ਦਾ ਖਾਨ ਪਾਨ ਵਰਤੋਂ ਵਿਹਾਰ ਇਕਮਿਕ ਕਰ ਦੇਣਾ ਆਪਣੀ ਧਰਮ-ਕਲਾ ਦਾ ਨਾਸ ਕਰ ਦੇਣਾ ਹੈ। ਜਿਥੇ ਧਰਮ-ਕਲਾ ਨਹੀਂ ਉਥੇ ਪ੍ਰੇਮ ਨਹੀਂ, ਉਥੇ ਇਤਫ਼ਾਕ ਦਾ ਨਮੂਦ ਨਹੀਂ, ਉਥੇ ਕਲਹ ਕ੍ਰੋਧ ਵੈਰ ਵਿਰੋਧ ਪਰਧਾਨ ਹਨ। ਉਥੇ ਤ੍ਰਿਸ਼ਨਾ ਦਾ ਰਾਜ ਹੈ। ਉਥੇ ਖ਼ੁਦਗਰਜ਼ੀ ਪ੍ਰਬਲ ਹੈ। ਉਥੇ ਖ਼ੁਦੀ ਬਖ਼ੀਲੀ ਤਕੱਬਰੀ ਦਾ ਪਾਪ-ਵਰਤਾਰਾ ਹੈ। ਇਹ ਸਾਰੀਆਂ ਬਲਾਵਾਂ ਓਥੇ ਪੈਂਦੀਆਂ ਹਨ ਜਿਥੇ ਧਰਮ-ਕਲਾ ਨਹੀਂ ਰਹਿੰਦੀ। ਅਤੇ ਇਹ ਧਰਮ-ਕਲਾ ਧਰਮ-ਹੀਣ ਬੇਦੀਨ ਪੁਰਸ਼ਾਂ ਦੇ ਨਾਲ ਖਾਨ ਪਾਨ ਰੂਪੀ ਵਰਤੋਂ ਵਿਹਾਰ ਕਰਨ ਕਰ ਉਡਦੀ ਹੈ ਅਤੇ ਇਸਦੇ ਉਡਣ ਕਰਿ ਤੇਜ ਪ੍ਰਤਾਪ ਭੀ ਉਡ ਜਾਂਦਾ ਹੈ। ਇਹ ਤੇਜ ਪ੍ਰਤਾਪ ਬੇਦੀਨ ਧਰਮ-ਹੀਣ ਆਨਮਤੀਆਂ ਤੋਂ ਨਿਆਰਾ ਰਹਿਣ ਕਰਿ, ਸਾਰੇ ਦਾ ਸਾਰਾ ਜਿਉਂ ਕਾ ਤਿਉਂ ਕਾਇਮ ਦਾਇਮ ਰਹਿੰਦਾ ਹੈ। ਸਗੋਂ ਦਿਨੋ-ਦਿਨ ਚੜ੍ਹਦੀ ਕਲਾ ਵਿਚ ਵਧਦਾ ਜਾਂਦਾ ਹੈ। ਜੋ ਜਨ ਗੁਰੂ ਦੇ ਸਿਖ ਸਦਾ ਕੇ ਗੁਰੂ ਕੇ ਬਚਨਾਂ, ਗੁਰੂ ਕੇ ਹੁਕਮਾਂ ਦੀ ਪ੍ਰਤੀਤ ਨਹੀਂ ਕਰਦੇ ਅਤੇ ਬਿਪਰਾਵੀ ਆਨਮਤੀ ਰੀਤ ਗ੍ਰਹਿਣ ਕਰਦੇ ਹਨ, ਉਹਨਾਂ ਪ੍ਰਥਾਇ ਹੀ ਸ੍ਰੀ ਦਸਮੇਸ਼ ਜੀ ਉਚਾਰਦੇ ਹਨ:

**"ਮੈਂ ਨ ਕਰੋਂ ਇਨ ਕੀ ਪ੍ਰਤੀਤ॥"**

ਅੰਮ੍ਰਿਤ ਛਕਣ ਸਮੇਂ ਜੋ ਰਹਿਤ-ਰਹਿਣੀਆਂ ਗੁਰੂ ਪੰਜਾਂ ਪਿਆਰਿਆਂ ਵਲੋਂ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁਖ ਦ੍ਰਿੜ੍ਹਾਈਆਂ ਜਾਂਦੀਆਂ ਹਨ, ਉਹ ਗੁਰੂ ਕੇ ਹੁਕਮ ਹਨ, ਗੁਰੂ ਦਸਮੇਸ਼ ਜੀ ਦੇ ਖ਼ਾਸ ਹੁਕਮ ਹਨ, ਜੋ ਸੀਨਾ ਬਸੀਨਾ ਗੁਰੂ ਪੰਥ ਅੰਦਰ ਸ਼ਰਧਾ ਪੂਰਬਕ ਦ੍ਰਿੜ੍ਹ ਧਾਰਨਾ ਸਹਿਤ ਪ੍ਰਚੁਰ ਹੁੰਦੇ ਚਲੇ ਆਏ ਹਨ, ਜਿਨ੍ਹਾਂ ਤੋਂ ਕੋਈ ਸਚਿਆਰ ਸਿਖ ਬੇਮੁਖ (ਮੁਨਹਰਫ਼) ਨਹੀਂ ਹੋ ਸਕਦਾ। ਉਹਨਾਂ ਹੁਕਮਾਂ ਵਿਚੋਂ ਇਕ ਖ਼ਾਸ ਹੁਕਮ ਇਹ ਹੈ ਕਿ ਸਿਰ-ਗੁੰਮ (ਮੂੰਹ ਸਿਰ ਮੁੰਨੇ ਮੋਨੇ), ਨੜੀ-ਮਾਰ, ਕੁੜੀ-ਮਾਰ, ਮੀਣੇ, ਮਸੰਦ ਆਦਿਕ ਆਨਮਤੀਆਂ ਨਾਲ ਨਹੀਂ ਵਰਤਣਾ, ਅਰਥਾਤ, ਉਹਨਾਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਨਹੀਂ ਰਖਣੀ। ਨਾ ਵਰਤਣ ਦਾ ਮੁਖ ਮਤਲਬ ਰੋਟੀ ਬੇਟੀ ਦੀ ਸਾਂਝ ਨਾ ਰਖਣ ਦਾ ਹੈ ਅਤੇ ਇਹ ਭਾਵ ਉਸ ਸਮੇਂ ਸਪੱਸ਼ਟ ਕਰਾਇਆ ਜਾਂਦਾ ਹੈ। ਇਸ ਹੁਕਮ ਰੂਪੀ ਬਚਨ ਉਪਰ ਜੋ ਜਨ ਸਿਖ ਹੋਣ ਦੀ ਹੈਸੀਅਤ ਵਿਚ ਨਹੀਂ ਚਲਦੇ, ਭਾਵ, ਜੋ ਸਿਖ ਇਸ ਗੁਰੂ ਕੇ ਹੁਕਮ ਨੂੰ ਨਹੀਂ ਕਮਾਂਵਦੇ, ਉਹ ਸਚਿਆਰ ਸਿਖ ਵਾਲੀ ਬਿਬੇਕ ਪੂਰਤ ਪਦਵੀ ਤੋਂ ਹੇਠਾਂ ਡਿਗੇ ਹੋਏ ਹਨ। ਗੁਰਸਿੱਖੀ ਦੀ ਬਿਬੇਕ-ਕਮਾਈ ਦਾ ਪ੍ਰਾਰੰਭ ਹੁੰਦਾ ਹੀ ਏਥੋਂ ਹੈ ਕਿ: "ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥" ਦੇ ਬਿਬਰਜਤ ਹੁਕਮ ਸੰਦੀ ਆਨਮਤੀਆਂ ਦੇ ਨਾਲ ਰੋਟੀ ਬੇਟੀ ਦੀ ਸਾਂਝ ਵਰਤੋਂ ਨਾ ਰਖੀ ਜਾਵੇ। ਜੋ ਗੁਰਸਿਖ ਅੰਮ੍ਰਿਤ ਛਕਣ ਸਾਰ ਹੀ ਆਨਮਤੀਆਂ ਵਿਚ ਜਾ ਖਚਿਤ ਹੋਇਆ, ਉਸ ਦੀ ਆਤਮ-ਰੰਗਾਂ ਦੀ ਚੜ੍ਹਦੀ ਕਲਾ ਹੋ ਹੀ ਨਹੀਂ ਸਕਦੀ। ਉਸ ਦਾ ਤੇਜ ਪ੍ਰਤਾਪ ਕੀ ਵਧਣਾ ਸੀ ਅਤੇ ਉਸ ਦਾ ਤੇਜ ਪ੍ਰਤਾਪੀ ਖਾਲਸਈ ਜੁੱਸਾ ਕਿਥੋਂ ਕਰਾਰਾ ਹੋਣਾ ਸੀ, ਜਦ ਓਹ ਧਰਮ-ਹੀਣ ਬੇਦੀਨਾਂ ਵਿਚ ਮਿਲਗੋਭਾ ਜਾ ਹੋਇਆ। ਪ੍ਰੰਤੂ ਜਿਸ ਗੁਰਸਿਖ ਪਿਆਰੇ, ਗੁਰੂ-ਸਵਾਰੇ ਜਗਿਆਸੂ ਨੂੰ ਪੂਰਨ ਪ੍ਰੇਮ ਹੈ, ਆਤਮ-ਰੰਗ ਦੀਆਂ ਉਚਿਆਈਆਂ

ਵਿਚ ਖੇਡਣ ਦੀ ਜਿਸ ਸਿੰਘ ਸੁਚਿਆਰ ਨੂੰ ਸੱਚੀ ਸ਼ਰਧਾ ਹੈ, ਨਾਮ ਦੇ ਜੋਤਿ-ਵਿਗਾਸੀ, ਤੇਜ ਪ੍ਰਤਾਪੀ ਰੰਗ ਮਾਨਣ ਦਾ ਜਿਸ ਸਿਦਕਵਾਨ ਸਿੰਘ ਸੂਰਮੇ ਨੂੰ ਦ੍ਰਿੜ੍ਹ ਵਿਸ਼ਵਾਸ ਭਰੋਸਾ ਹੈ, ਗੁਰੂ ਦੀਆਂ ਝਾਲਾਂ ਝਲਣ ਦਾ ਅਤੇ ਗੁਰੂ ਦੇ ਹੁਕਮਾਂ ਦੀਆਂ ਕਮਾਈਆਂ ਕਰਨ ਦਾ ਓਹ ਹੁਕਮੀ ਬੰਦਾ ਬਿਬੇਕੀ ਸਿਖ ਏਸ ਹੁਕਮ ਨੂੰ ਹੁਕਮ ਮਿਲਨ ਸਾਰ ਹੀ ਕਮਾਵਣ ਲੱਗ ਪੈਂਦਾ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਨੀਆਂ ਕਮਾਈਆਂ ਨੂੰ ਮਨ-ਬਾਂਛਤ ਰੰਗ ਫਲ ਲਗਣ ਲਗ ਪੈਂਦੇ ਹਨ। ਜਿਉਂ ਜਿਉਂ ਇਹ ਰੰਗ ਲਗਦੇ ਹਨ, ਤਿਉਂ ਤਿਉਂ ਓਹਨਾਂ ਦੀ ਸ਼ਰਧਾ ਹੋਰ ਵਧਦੀ ਜਾਂਦੀ ਹੈ। ਅਜਿਹੇ ਬਿਬੇਕੀ ਜਨਾਂ ਦੀਆਂ ਕਰਣੀਆਂ ਬਿਬੇਕ ਕਮਾਈਆਂ ਕਰਕੇ ਅੱਜ ਤੀਕ ਖਾਲਸਾ ਪੰਥ ਦੀ ਨਿਰਾਲੀ ਹਸਤੀ ਵਾਲੀ ਸ਼ਾਨ ਕਾਇਮ ਹੈ, ਨਹੀਂ ਤਾਂ ਆਨ ਕੌਮਾਂ, ਖ਼ਾਸ ਕਰ ਹਿੰਦੂ ਕੌਮ ਵਿਚ ਖਪ ਖੁਰ ਜਾਣੀ ਸੀ। ਅਜੇ ਭੀ ਬਹੁਤ ਸਾਰੇ ਅਜਿਹੇ ਸਿਖ ਮੌਜੂਦ ਹਨ ਕਿ ਕੇਸਾਧਾਰੀ ਅੰਮ੍ਰਿਤ-ਧਾਰੀ ਹੁੰਦੇ ਹੋਏ ਭੀ ਮਰਦੁਮ ਸ਼ੁਮਾਰੀ ਵਿਚ ਆਪਣੇ ਆਪ ਨੂੰ ਹਿੰਦੂ ਲਿਖਾਉਂਦੇ ਹਨ। ਵਜਹ ਕੀ? ਵਜਹ ਇਹ ਹੈ ਕਿ ਉਹਨਾਂ ਦੀ ਵਰਤੋਂ ਵਿਉਹਾਰ ਅਤੇ ਸੰਸਕਾਰ ਅਜੇ ਹਿੰਦੂਆਂ ਵਾਲੇ ਹਨ। ਉਹਨਾਂ ਦੀ ਰੋਟੀ ਬੇਟੀ ਦੀ ਸਾਂਝ ਹਿੰਦੂਆਂ ਨਾਲ ਹੈ। ਜਦ ਤਾਈਂ ਰੋਟੀ ਬੇਟੀ ਦੀ ਸਾਂਝ ਖਾਲਸੇ ਦੀ ਖਾਲਸੇ ਨਾਲ ਨਹੀਂ ਹੁੰਦੀ, ਤਦ ਤਾਈਂ ਵਖਰੀ ਅਤੇ ਨਿਰਾਲੀ ਵਿਲੱਖਣ ਕੌਮ ਦੀ ਹਸਤੀ ਵਿਚ ਚੜ੍ਹਦਾ ਚਮਕਦਾ ਅਤੇ ਫਲਦਾ ਫੁਲਦਾ ਖਾਲਸਾ ਪੰਥ ਕਦੇ ਨਜ਼ਰ ਨਹੀਂ ਆਵੇਗਾ। ਅਗੇ ਤਾਂ ਬੇਦੀ ਮਤ ਦੀ ਸ਼੍ਰੇਣੀ ਵਾਲਿਆਂ ਦਾ ਆਨਮਤੀਆਂ ਵਿਚ ਘੁਲਮਿਲ-ਘਿਚ ਵਾਸ ਹੋਣ ਕਰਕੇ ਹਿੰਦੂਆਂ ਨਾਲ ਖਾਨ ਪਾਨ ਦੀ ਖੁਲ੍ਹ-ਖੇਡ ਖਾਲਸੇ ਜੀ ਨੂੰ ਖਾਈ ਜਾਂਦੀ ਸੀ, ਹੁਣ ਮਗ਼ਰਬੀ ਅਵਿਦਿਆ ਦੀ ਤਾਰੀਕੀ ਛਾ ਜਾਣ ਕਰਕੇ ਅਤੇ ਕਤੇਬੀ ਮਤ ਦੇ ਕੁਸੰਗ ਦੀ ਕੁਚੀਲਤਾ ਧਾ ਜਾਣ ਕਰਕੇ ਅਤੇ ਈਸਾਈਆਂ, ਮੂਸਾਈਆਂ, ਮੁਹੰਮਦੀਆਂ ਆਦਿਕ ਇਤਰ ਕੌਮਾਂ ਨਾਲ ਖਾਨ ਪਾਨ ਦਾ ਕੋਈ ਭਰਮ ਭੇਦ ਨਾ ਰਹਿਣ ਕਰਕੇ ਖਾਲਸਾ ਜੀ ਦੇ ਤੇਜ ਪ੍ਰਤਾਪ ਮਈ ਧਰਮ ਦੀ ਆਣ ਕਾਣ ਅਤੇ ਸ਼ਾਨ ਖੀਨ ਖ਼ਰਾਬ ਤੇ ਖੁਆਰ ਹੋ ਰਹੀ ਹੈ।

ਅਸਾਡੇ ਲਈ ਬੇਦੀ ਕਤੇਬੀ ਮਤ ਦੋਈ ਅੰਨ੍ਹੇ ਕਾਣੇ ਹਨ। ਜੋ ਦੋਹਾਂ ਵਿਚੋਂ ਖਾਲਸਾ (ਗਿਆਨੀ) ਸਜ ਕੇ (ਅੰਨ੍ਹੇ ਕਾਣਿਓਂ) ਸਿਆਣਾ ਹੋ ਜਾਏ, ਉਨ੍ਹਾਂ ਦੇ ਨਾਲ ਅਸੀਂ ਅਭੇਦ ਵਰਤਾਂਗੇ। ਨਹੀਂ ਤਾਂ ਦੋਹਾਂ ਤੋਂ ਭਿੰਨ ਸਿਆਣੇ ਖਾਲਸੇ ਦੇ ਵਰਤੋਂ ਵਰਤਾਰੇ ਦਾ ਰਾਹ ਭੇਦ ਨਿਰਾਲਾ ਹੈ। ਬੇਦੀ ਮਤ ਵਾਲਿਆਂ ਨਾਲ ਅਭੇਦ ਅਤੇ ਕਤੇਬੀ ਮਤ ਵਾਲਿਆਂ ਨਾਲ ਭੇਦ ਕਿਉਂ? ਅਤੇ ਦੋਹਾਂ ਦਾ ਭੇਦ ਮਿਟਾਵਣ ਲਈ ਦੋਹਾਂ ਨਾਲ ਹੀ ਖਾਨ ਪਾਨ ਦੀ ਵਰਤੋਂ ਵਿਹਾਰ ਕਰਨਾ ਚਗਲ ਹੋਣਾ ਹੈ। ਦੋਹੂੰ ਕਪਟ-ਪੰਥੀਆਂ ਤੋਂ ਖਾਨ ਪਾਨ ਦੀ ਵਰਤੋਂ ਵਿਹਾਰ ਵਿਚ ਅਟੰਕ (ਅਲਹਿਦਾ) ਰਹਿਣਾ ਛੂਤ ਛਾਤ ਵਾਲਾ ਭਰਮ-ਭੇਦ ਨਹੀਂ, ਬਲਕਿ ਆਪਣੇ ਅਸੂਲ ਦੀ ਪਾਲਣਾ ਪੈਰਵੀ ਕਰਨਾ ਹੈ। ਛੂਤ ਛਾਤ ਦੀ ਕਾਣ ਉਥੇ ਹੈ ਜਿਥੇ ਜਨਮ ਜਾਤੀ ਦਾ ਅਭਿਮਾਨ ਹੋਵੇ; ਛੂਤ ਛਾਤ ਦੀ ਨਫ਼ਰਤ-ਆਮੇਜ਼ (ਘ੍ਰਿਣਾ ਵਾਲੀ) ਕਾਣ ਓਥੇ ਹੈ ਜਿਥੇ ਅਛੂਤ ਜਾਤੀਆਂ ਨੂੰ ਉਭਾਰ ਕੇ ਅਭੇਦ ਕਰਨ ਵਿਚ ਹੀਲ ਹੁੱਜਤ ਅਤੇ ਸੰਕੋਚ ਕੀਤੀ ਜਾਵੇ। ਬਿਨਾਂ ਉਭਾਰੇ ਕਿਸੇ ਭੀ ਜਨਮ ਜਾਤ ਦੇ ਪ੍ਰਾਣੀ ਨਾਲ ਅਭੇਦ ਵਰਤਣਾ ਉਸ ਪ੍ਰਾਣੀ ਨੂੰ ਉਭਾਰਨਾ ਨਹੀਂ, ਪ੍ਰੰਤੂ ਆਪ ਹੀ ਉਸ ਪ੍ਰਾਣੀ ਦੇ ਫੋਕਟ ਕਰਮੀ ਜਾਤ ਜਨਮ ਵਾਲੇ ਧਰਮ ਕਰਮ ਦੇ ਪਾਖੰਡ-ਭਰਮ ਵਿਚ ਅਭੇਦ ਹੋ ਕੇ ਚੁਰਾਸੀ ਦੇ ਗੇੜ ਵਿਚ ਪੈਣਾ ਹੈ। ਦੁਨਿਆਵੀ ਰੀਫ਼ਾਰਮਰਾਂ ਨੇ ਨੀਚ ਜਾਤੀਆਂ ਦੇ ਨਾਲ ਅਭੇਦ ਖਾਨ ਪਾਨ ਕਰਨਾ ਉਹਨਾਂ ਦੇ ਉਭਾਰਨ ਦਾ ਮਸਲਾ ਸਮਝਿਆ ਹੋਇਆ ਹੈ ਅਤੇ ਨੀਚ ਜਾਤੀਆਂ ਨੇ ਭੀ ਆਪਣਾ ਉਭਰਨਾ ਏਸੇ ਗੱਲ ਵਿਚ ਸਮਝ ਛਡਿਆ ਹੈ ਕਿ ਉਚ ਜਾਤੀਆਂ ਵਾਲਿਆਂ ਨਾਲ ਉਹਨਾਂ ਦੀ ਅਭੇਦ ਵਰਤੋਂ ਹੋ ਜਾਏ। ਗੁਰਮਤਿ ਅੰਦਰ ਇਸ ਪ੍ਰਕਾਰ ਦਾ ਉਭਰਨਾ ਉਭਾਰਨਾ ਪ੍ਰਮਾਣੀਕ ਨਹੀਂ। 'ਅੰਮ੍ਰਿਤ ਨਾਮ' ਦੇ ਜੀਅ ਦਾਨ ਦੀ ਜੀਵਨ-ਬੂਟੀ ਦੇ ਹਰ ਇਕ ਜਨਮ ਜਾਤੀ ਦੇ ਜੀਵ ਮਾਤਰ ਮਨੁਸ਼ ਮਾਤਰ ਦੇ ਜੀਵਨ ਨੂੰ ਅਮਰੀ ਜੀਵਨ ਵਿਚ ਸੁਰਜੀਤ ਕਰ ਦੇਣਾ ਅਸਲ ਉਭਾਰਨਾ ਹੈ। ਕਿਸੇ ਪ੍ਰਾਣੀ ਦਾ ਉਭਰਨਾ ਉਭਾਰਨਾ ਓਹ ਹੈ, ਜਿਸ ਕਰਕੇ ਉਸਦਾ ਉਧਾਰ ਹੋ ਜਾਵੇ। ਇਸ ਬਿਧਿ ਅਮਰੀ ਜੀਵਨ ਵਿਚ ਸੁਰਜੀਤ ਹੋ ਕੇ ਜੋ ਉਭਰੇ ਉਧਰੇ ਹਨ, ਓਹਨਾਂ ਦੇ ਨਾਲ ਖਾਨ ਪਾਨ ਅੰਦਰਿ ਅਭੇਦ ਵਰਤਣਾ ਸੱਚਾ ਪ੍ਰੇਮ-ਬਿਵਹਾਰ ਹੈ। ਇਹ ਅਭੇਦ ਵਰਤੋਂ ਵਾਲਾ ਪ੍ਰੇਮ-ਬਿਵਹਾਰ ਉਧਾਰ ਦੇ ਤਾਬੇ ਹੈ, ਨਾ ਕਿ ਉਧਾਰ ਅਭੇਦ ਬਿਵਹਾਰ ਦੇ ਤਾਬੇ? ਉਧਾਰ ਬਿਹੂਣ ਅਭੇਦ ਬਿਵਹਾਰ ਕਰਨ ਵਿਚ ਦੋਹਾਂ ਦਾ ਵਿਗਾੜ ਹੈ। ਅਭੇਦ ਕਰਨ ਵਾਲਿਆਂ ਦਾ ਭੀ ਅਤੇ ਅਭੇਦ ਹੋਣਹਾਰਿਆਂ ਦਾ ਭੀ। ਅਭੇਦ ਹੋਣ ਵਾਲਿਆਂ ਦਾ ਤਾਂ ਇਸ ਲਈ ਕਿ ਓਹਨਾਂ ਦਾ ਕੁਛ ਸੌਰਦਾ ਨਹੀਂ ਅਤੇ ਬਿਨਾਂ ਸੰਵਰੇ ਦੇ ਆਪਣੇ ਆਪ ਵਿਚ ਫੁਲਿ ਫੁਲਿ ਬਹਿੰਦੇ ਹਨ ਅਤੇ ਬਹਿ ਬਹਿ ਬਫਾਉਂਦੇ ਹਨ ਕਿ ਅਸੀਂ ਕੁਛ ਬਣ ਗਏ। ਬਨਦਾ ਬੁਨਦਾ ਓਹਨਾਂ ਦਾ ਕੱਖ ਭੀ ਨਹੀਂ, ਨਿਰਾ ਹੰਕਾਰ ਹੀ ਵਧਦਾ ਹੈ। ਬਿਨਾ ਕੁਛ ਬਣੇ ਸੰਵਰੇ ਤੇ ਐਵੇਂ ਵਾਧੂ ਬਫਾਉਣਾ, ਬਿਨ ਗੁਣ ਗਰਬ ਕਰਨਾ ਹੈ ਅਤੇ :

**ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥੧੫॥ ( ॥੨੭॥)**

**(ਸਲੋਕ ਵਾਰਾਂ ਤੇ ਵਧੀਕ, ਮ: ੧, ਪੰਨਾ: ੧੪੧੧)**

ਗੁਰਵਾਕ ਦੇ ਭਾਵ ਅਨੁਸਾਰ ਅਸਲ ਖਰ (ਗਧਾ) ਬਣਨਾ ਹੈ। ਅਭੇਦ ਕਰਨਹਾਰਿਆਂ ਦਾ ਬਿਗਾੜ ਇਸ ਲਈ ਹੈ ਕਿ ਉਹ ਆਪਣੇ ਧਰਮ ਅਸੂਲ ਤੋਂ ਗਿਰਦੇ ਹਨ ਅਤੇ ਜਿਨ੍ਹਾਂ ਦੀ ਖ਼ਾਤਰ ਗਿਰਦੇ ਹਨ, ਉਹਨਾਂ ਦਾ ਕੁਛ ਸੌਰਦਾ ਨਹੀਂ। ਸਗੋਂ ਉਕਤ ਧਰਮ-ਹੀਣ ਬੇਦੀਨ ਪੁਰਸ਼ਾਂ ਨਾਲ ਅਭੇਦ ਖਾਣ ਕਰਕੇ ਉਹਨਾਂ ਦੀ ਧਰਮ-ਹੀਨਤਾ ਬੇਦੀਨਤਾ ਦਾ ਲਛਣ ਲੇਸ ਆਪਣੇ ਆਪ ਨੂੰ ਲਾਉਂਦੇ ਹਨ। ਕੌਮੀ ਇਤਫ਼ਾਕ ਵਾਲੀ ਪਾਜ-ਲਾਲਸਾ ਭੀ ਪੂਰੀ ਨਹੀਂ ਹੁੰਦੀ। ਸਾਨੂੰ ਬੰਦੀਖ਼ਾਨਿਆਂ ਅੰਦਰ ਬੈਠਿਆਂ ਦੂਰ-ਧਿਆਨੀਆਂ ਨੂੰ ਇਸ ਗੱਲ ਦਾ ਪਤਾ ਲਗ ਕੇ ਬੜਾ ਹੀ ਸ਼ੋਕ ਉਤਪੰਨ ਹੋਇਆ ਹੈ ਕਿ ਇਸ ਪਾਜ-ਇਤਫ਼ਾਕ ਦੇ ਪਰਪੰਚ-ਦਿਖਾਵੇ ਲਈ ਹਿੰਦੂ ਮੁਸਲਮਾਨਾਂ ਅਤੇ ਸਿੱਖਾਂ ਆਦਿਕ ਸਰਬਤ੍ਰ ਕੌਮਾਂ ਦੇ ਇਤਫ਼ਾਕ ਪਾਜਲੀ ਅਤੇ ਚਗਲ ਨਸ਼ਗੀ ਚੌਧਰੀਆਂ ਨੇ ਇਕੋ ਟੇਬਲ-ਅਸਥਾਨੀ ਦਸਤਰਖ਼ਾਨ ਤੇ ਬੈਠ ਕੇ ਪਰਸਪਰ ਜੂਠ-ਪਿਆਲੇ ਪੀਤੇ ਹਨ। ਮੁਖ ਮੰਤਵੀ ਮਹਾਤਮਕ ਪਾਲਿਸੀ ਕੇਵਲ ਮੁਹੰਮਦੀਆਂ ਨੂੰ ਖ਼ੁਸ਼ ਕਰਨ ਦੀ ਅਤੇ ਓਹਨਾਂ ਨਾਲ ਅਭੇਦਤਾਈ ਜ਼ਾਹਰ ਕਰਿ, ਇਕ ਮਿਕ ਹੋਣ ਦੀ ਪ੍ਰਤੀਤ ਹੁੰਦੀ ਹੈ। ਪ੍ਰੰਤੂ ਵਿਦਿਤ ਰਹੇ ਕਿ ਜੋ ਮੁਹੰਮਦੀ ਲੀਡਰ ਅੱਜ ਕਲ੍ਹ ਮਹਾਤਮਾ ਜੀ ਦੀ ਮੁੱਛ ਦਾ ਵਾਲ ਬਣੇ ਹੋਏ ਦਿਸਦੇ ਹਨ ਓਹਨਾਂ ਨੇ ਆਪਣੀ ਖ਼ਿਲਾਫ਼ਤੀ ਖ਼ੁਦਗ਼ਰਜ਼ੀ ਦਾ ਮਤਲਬ ਕਢ ਕੇ ਤੋਤਾ-ਚਸ਼ਮ ਹੋ ਜਾਣਾ ਹੈ ਅਤੇ ਹਿੰਦੂ ਮੁਸਲਮਾਨਾਂ ਦਾ ਉਹ ਜੂਤ ਖੜਕਣਾ ਹੈ ਕਿ ਰਹੇ ਰੱਬ ਦਾ ਨਾਉਂ। ਛੂਤ ਉਧਾਰ ਦਾ ਸਵਾਲ ਜੋ ਅੱਜ ਕਾਂਗਰਸ ਜਿਹੀ ਨਿਰੋਲ ਪੁਲੀਟੀਕਲ ਬਾਡੀ ਦੇ ਪਲੈਟ ਫ਼ਾਰਮ ਤੇ ਆਣ ਚੜ੍ਹਿਆ ਹੈ, ਏਸੇ ਨੇ ਹੀ ਸਾਰੀਆਂ ਫਿਟੜੀਆਂ ਦਾ ਫੇੜ ਬਣਨਾ ਹੈ। ਬਿਗੜ-ਧਰਮੀਆਂ ਦੇ ਧਰਮ ਦਾ ਤਾਂ ਬਿਗੜਨਾ ਹੀ ਕੁਛ ਨਹੀਂ, ਕਿਉਂਕਿ ਉਹ ਤਾਂ ਪਹਿਲਾਂ ਹੀ ਬਿਗੜ-ਧਰਮੀ ਹਨ। ਹਾਂ, ਪੁਲੀਟੀਕਲ ਜੂਤ ਜ਼ਰੂਰ ਖੜਕੇਗਾ ਅਤੇ ਜੰਗਲ ਇਤਫ਼ਾਕੀ ਮਸਲੇ ਦਾ ਪਾਜ ਭੀ ਉਘੜੇਗਾ। ਪ੍ਰੰਤੂ ਨਿੱਗਰ ਧਾਰਮਿਕ ਹਾਨੀ ਹੈ ਤਾਂ ਖਾਲਸਾ ਪੰਥ ਨੂੰ ਹੈ, ਜਿਸ ਨੇ ਛੂਤ ਛਾਤੀ ਸੁਸ਼ਕ ਨਿਬੇੜ ਦੀ ਰਿਹਾੜ ਵਿਚ ਪੈ ਕੇ ਧਰਮ-ਕੁਚੀਲਤਾ ਦੀ ਚਗਲ ਲਿਬੇੜ ਸਹੇੜ ਬੈਠਣੀ ਹੈ। ▪▪

# ਆਨਮਤੀ ਸਾਧੂ ਰਿਸ਼ੀ ਤੇ ਗੁਰਸਿਖ ਜੋਗੀ

**ਮਨਮੁਖ ਪੜਹਿ ਪੰਡਿਤ ਕਹਾਵਹਿ ॥ ਦੂਜੈ ਭਾਇ ਮਹਾ ਦੁਖੁ ਪਾਵਹਿ ॥**
**ਬਿਖਿਆ ਮਾਤੇ ਕਿਛੁ ਸੂਝੈ ਨਾਹੀ ਫਿਰਿ ਫਿਰਿ ਜੂਨੀ ਆਵਣਿਆ ॥੧॥**
**ਹਉ ਵਾਰੀ ਜੀਉ ਵਾਰੀ ਹਉਮੈ ਮਾਰਿ ਮਿਲਾਵਣਿਆ ॥**
**ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿ ਰਸੁ ਸਹਜਿ ਪੀਆਵਣਿਆ ॥੧॥ ਰਹਾਉ ॥**
**ਵੇਦੁ ਪੜਹਿ ਹਰਿ ਰਸੁ ਨਹੀ ਆਇਆ ॥ ਵਾਦੁ ਵਖਾਣਹਿ ਮੋਹੇ ਮਾਇਆ ॥**
**ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖਿ ਬੂਝਿ ਹਰਿ ਗਾਵਣਿਆ੨ ॥...**
**ਤ੍ਰੈ ਗੁਣ ਪੜਹਿ ਹਰਿ ਤਤੁ ਨ ਜਾਣਹਿ ॥ ਮੂਲਹੁ ਭੁਲੇ ਗੁਰ ਸਬਦੁ ਨ ਪਛਾਣਹਿ ॥**
**ਮੋਹ ਬਿਆਪੇ ਕਿਛੁ ਸੂਝੈ ਨਾਹੀ ਗੁਰ ਸਬਦੀ ਹਰਿ ਪਾਵਣਿਆ ॥੬॥**
**ਵੇਦੁ ਪੁਕਾਰੈ ਤ੍ਰਿਬਿਧਿ ਮਾਇਆ ॥ ਮਨਮੁਖ ਨ ਬੂਝਹਿ ਦੂਜੈ ਭਾਇਆ ॥**
**ਤ੍ਰੈ ਗੁਣ ਪੜਹਿ ਹਰਿ ਏਕੁ ਨ ਜਾਣਹਿ ਬਿਨੁ ਬੂਝੇ ਦੁਖੁ ਪਾਵਣਿਆ ॥੭॥( ॥੯॥੩੦॥੩੧॥)**
**(ਮਾਝ ਮ: ੩, ਪੰਨਾ: ੧੨੯)**

ਗੁਰਮਤਿ ਤੋਂ ਹੀਣੇ ਮਨਮੁਖ ਲੋਗ ਆਨਮਤ-ਪੜ੍ਹਾਈਆਂ ਪੜ੍ਹਿ-ਪੜ੍ਹਿ ਪੰਡਿਤ ਕਹਾਉਂਦੇ ਹਨ, ਪ੍ਰੰਤੂ ਓਹ ਦੂਜੇ ਭਾਇ ਦੀ ਵਿਦਿਆ (ਨਿਰੀ ਅਵਿਦਿਆ) ਦੇ ਗ੍ਰਸੇ ਹੋਏ ਨਿਰਾ ਦੁਖ ਹੀ ਦੁਖ ਪਾਉਂਦੇ ਹਨ, ਮਾਇਆ ਰੂਪੀ ਬਿਖਿਆ ਵਿਚ ਏਹ ਲੱਥ ਪੱਥ ਹੋਏ ਰਹਿੰਦੇ ਹਨ। ਏਹਨਾਂ ਬਿਖ-ਮਾਇਆ-ਮੱਤਿਆਂ ਨੂੰ ਮਨਮਤਿ ਤੋਂ ਪਰੇ ਸੁਝਦਾ ਹੀ ਕੁਛ ਨਹੀਂ। ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਚੁਰਾਸੀ ਦੇ ਗੇੜ ਵਿਚ ਪੈ ਕੇ ਮੁੜ ਘਿੜ ਜੂਨੀਆਂ ਵਿਚ ਹੀ ਆਉਂਦੇ ਜਾਂਦੇ ਹਨ। ਜੇਹੜੇ ਅਨਮਤੀ ਲੋਕ ਗੁਰਮਤਿ ਤੋਂ ਘੁਥੇ ਹੋਏ ਟੱਕਰਾਂ ਮਾਰ ਮਾਰ ਵੇਦ ਆਦਿਕ ਪੜ੍ਹਦੇ ਹਨ, ਅਨਮਤੀ ਘੋਖ ਵਿਦਿਆ ਪੜ੍ਹਿ ਪੜ੍ਹਿ ਵੇਦ-ਪਾਠੀ ਬਣਦੇ ਹਨ, ਓਹ ਹਰ ਦਮ ਕੁ-ਰਸਾਂ ਵਿਚ ਹੀ ਗ੍ਰਸੇ ਰਹਿੰਦੇ



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਹਨ। ਉਹ ਰਸ ਓਹਨਾਂ ਨੂੰ ਆਉਂਦਾ ਹੀ ਨਹੀਂ। ਬੇਦ-ਪੜ੍ਹਾਕੂ ਬਾਦ-ਬਿਬਾਦ ਦੇ ਝਗੜਿਆਂ ਵਿਚ ਹੀ ਝਗੜ-ਝਗੜ ਕੇ ਮੋਹ ਮਾਇਆ ਦੇ ਮੁਠੇ ਹੋਏ ਆਪਣਾ ਜਨਮ ਗੰਵਾ ਲੈਂਦੇ ਹਨ। ਏਹਨਾਂ ਆਨਮਤ ਵਿਦਿਆ-ਭਰਪੂਰੀ -ਵੇਦਾਂ ਵਿਚ ਬਾਦ-ਬਿਬਾਦ ਦੇ ਝਗੜਿਆਂ ਬਿਨਾਂ ਹੋਰ ਕੁਝ ਮਿਲਦਾ ਹੀ ਨਹੀਂ, ਅਗਿਆਨ ਮਤਿ ਦੇ ਅੰਧਾਰੇ ਭੁੱਸ ਭੁਸਾਰੇ ਹੀ ਭਰੇ ਪਏ ਹਨ। ਅਗਿਆਨ ਮਤਿ ਕਰਕੇ ਏਹਨਾਂ ਵੇਦ-ਮਤੀਸ਼ਰਾਂ ਦੇ ਅੰਦਰ ਅੰਧਿਆਰਾ ਹੀ ਭਰਿਆ ਰਹਿੰਦਾ ਹੈ। ਗੁਰਮਤਿ ਦੀ ਓਹਨਾਂ ਨੂੰ ਸੂਝ ਬੂਝ ਹੀ ਨਹੀਂ ਹੁੰਦੀ। ਏਹ ਨਾਮ ਅਭਿਆਸੀ ਸਿਫਤਿ-ਸਾਲਾਹ ਦੇ ਸਾਸ ਗਿਰਾਸੀ ਸਾਰ-ਗਿਰਾਹੀ ਗੁਰਮੁਖਿ ਜਨ ਹੀ ਹਨ, ਜਿਨ੍ਹਾਂ ਨੂੰ ਗੁਰਮਤਿ ਸੱਚੀ ਸੂਝ ਬੂਝ ਆਉਂਦੀ ਹੈ। ਬੇਦਾਂ ਸਿਮਰਤੀਆਂ ਸ਼ਾਸਤ੍ਰਾਂ ਅੰਦਰ ਕੇਵਲ ਤ੍ਰੈਗੁਣੀ ਵਿਦਿਆ ਦਾ ਹੀ ਭੁਸ ਭਰਿਆ ਪਿਆ ਹੈ, ਤ੍ਰੈਗੁਣਾਂ ਦੀ ਵਿਦਿਆ ਪੜ੍ਹਨਹਾਰਿਆਂ ਨੂੰ ਗੁਰਮਤਿ ਤੱਤ ਦੀ ਸਾਰ ਹੀ ਕੀ? ਗੁਰਮਤਿ ਨਾਮ ਅਭਿਆਸ ਮਈ ਤੱਤ ਵੀਚਾਰ ਨੂੰ ਧਾਰਦੇ ਹੀ ਨਹੀਂ, ਜਾਣਦੇ ਹੀ ਨਹੀਂ ਕਿ ਗੁਰਮਤਿ ਤੱਤ (ਨਾਮ ਅਭਿਆਸ) ਕਿਸ ਵਸਤੂ ਦਾ ਨਾਮ ਹੈ। ਏਹ ਆਨਮਤੀ ਲੋਗ ਆਨਮਤ ਅਵਿਦਿਆ ਦੇ ਅਭਿਮਾਨ ਕਰਕੇ ਮੁਢੋਂ ਹੀ ਘੁਥੇ ਹੋਏ ਹਨ। ਮੁਢੋਂ ਘੁਥੇ ਹੋਏ, ਮੂਲੋਂ ਹੀ ਭੁਲੇ ਹੋਏ ਹੋਣ ਕਰਕੇ ਗੁਰ-ਸ਼ਬਦ ਗੁਰਮਤਿ ਨਾਮ ਨੂੰ ਪਛਾਣਦੇ ਹੀ ਨਹੀਂ। ਨਿਸ ਦਿਨ ਮੋਹ ਮਾਇਆ ਮਈ ਅਵਿਦਿਆ ਵਿਚ ਖਚਤ ਰਹਿਣ ਕਰਕੇ ਏਹਨਾਂ ਨੂੰ ਗੁਰਮਤਿ, ਗੁਰੂ ਘਰ ਦੀ ਸੂਝ ਬੂਝ ਆਉਂਦੀ ਹੀ ਨਹੀਂ। ਡੀਂਗਾਂ ਬੜੀਆਂ ਬੜੀਆਂ ਮਾਰਦੇ ਹਨ ਪ੍ਰਮਾਰਥ ਦੇ ਪਾਸੇ ਦੀਆਂ। ਕੂੜਾਵੀ ਅਵਿਦਿਆ ਮਈ ਗਿਆਨ (ਅਗਿਆਨ) ਹੀ ਘੋਟਦੇ ਰਹਿੰਦੇ ਹਨ ਤੇ ਇਸ ਬਿਧਿ ਅਲਾਉਂਦੇ ਹਨ ਕਿ ਅਸੀਂ ਪ੍ਰਮਾਰਥ ਨੂੰ ਪਾ ਲਿਆ ਹੈ। ਇਹ ਕੇਵਲ ਗੁਰਮਤਿ ਰੂਪੀ ਸਚੀ ਮੁਚੀ ਵਿਦਿਆ ਹੀ ਹੈ, ਜਿਸ ਦੇ ਅਭਿਆਸ ਕੀਤਿਆਂ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੁੰਦੀ ਹੈ। ਹਿੰਦੂ ਮਤ-ਮਤੀਸ਼ਰਾਂ ਦਾ ਸਭ ਤੋਂ ਵਡਾ ਵਖਰ ਵੇਦ ਸ਼ਾਸਤ੍ਰਾਂ ਦੀ ਵਿਦਿਆ ਦਾ ਹੈ, ਸੋ ਓਹਨਾ ਦਾ ਵੇਦ ਕੇਵਲ ਤ੍ਰਿਬਿਧਿ ਦੀ ਪੜ੍ਹਾਈ ਹੀ ਸਿਖਾਉਂਦਾ ਹੈ। ਸੋ ਵੇਦ ਪੜ੍ਹਨਹਾਰੇ ਮਨਮੁਖ ਦੂਜੈ ਭਾਇ ਦੀ ਵਿਦਿਆ ਵਿਚ ਹੀ ਉਲਝੇ ਰਹਿੰਦੇ ਹਨ, ਉਹਨਾਂ ਨੂੰ ਤੱਤ ਗੁਰਮਤਿ ਵਿਦਿਆ ਦੀ ਸੂਝ ਬੂਝ ਕਿਵੇਂ ਆਵੇ? ਵੇਦ ਸ਼ਾਸਤ੍ਰ ਕੀ ਪੜ੍ਹਦੇ ਹਨ, ਓਹ ਤਾਂ ਤ੍ਰੈਗੁਣਾਂ ਦੀ ਮਾਇਕ ਵਿਦਿਆ ਦੀਆਂ ਪੜ੍ਹਾਈਆਂ ਹੀ ਪੜ੍ਹਦੇ ਹਨ। ਇਕ ਅਕਾਲ ਪੁਰਖ ਦਾ ਤੱਤ ਗਿਆਨ ਓਹਨਾਂ ਨੂੰ ਕਿਵੇਂ ਆਵੇ, ਉਹ ਜਾਣਦੇ ਹੀ ਨਹੀਂ। ਬਿਨਾਂ ਇਸ ਤੱਤ ਗਿਆਨ ਦੀ ਸੂਝ ਬੂਝ ਦੇ ਬਸ ਦੁਖ ਹੀ ਦੁਖ ਪਾਉਂਦੇ ਹਨ।

ਤੱਤ ਗਿਆਨ ਗੁਰਮਤਿ ਨਾਮ ਤੋਂ ਛੁਟ ਹੋਰ ਸਾਰੀ ਉਪਾਸ਼ਨਾ ਦੂਜੇ ਦੀ ਉਪਾਸ਼ਨਾ ਹੀ ਹੈ। ਇਹ ਦੂਜੇ ਭਾਇ ਦੀਆਂ ਪੜ੍ਹਾਈਆਂ ਪੜ੍ਹ ਪੜ੍ਹ ਕੇ ਅਵਿਦਿਆ ਹੀ ਆਉਂਦੀ ਹੈ। ਸੱਚੀ ਵਿਦਿਆ ਹੈ ਤਾਂ ਕੇਵਲ ਗੁਰਮਤਿ ਵਿਦਿਆ ਹੈ। ਕੱਚੀ ਵਿਦਿਆ, ਆਨਮਤ ਪੜ੍ਹਾਈਆਂ ਵਾਲੀ ਵਿਦਿਆ ਨੂੰ ਪੜ੍ਹ ਕੇ ਉਚੀ ਸੁਚੀ ਬੂਝ ਨਹੀਂ ਬੁਝੀ ਜਾਂਦੀ। ਬਸ, ਏਨ੍ਹਾਂ ਤ੍ਰੈਗੁਣੀ ਮਾਇਆ ਦੀਆਂ ਪੜ੍ਹਾਈਆਂ ਕਰ ਕਰ ਕੇ ਵਿਦਿਆ ਤਾਂ ਕੀ ਆਉਣੀ ਸੀ, ਕੇਵਲ ਮਾਇਆ ਕਾਰਨ ਹੀ ਲੁਝਦੇ ਰਹਿੰਦੇ ਹਨ। ਜੋ ਤ੍ਰੈਗੁਣੀ ਵਿਦਿਆ ਪੜ੍ਹਦਾ ਹੈ, ਉਹ ਮਾਇਆ ਕਾਰਨ ਹੀ ਲੁਝਦਾ ਹੈ। ਮਾਇਆ ਦੇ ਬੰਧਨ-

ਪੈਖੜ ਹੀ ਉਸ ਦੇ ਤ੍ਰੈਗੁਣੀ ਜੀਵਨ ਨੂੰ ਬੰਧਨ ਵਿਚ ਹੀ ਪਾਉਂਦੇ ਰਹਿੰਦੇ ਹਨ। ਇਹ ਤ੍ਰੈਗੁਣੀ ਬੰਧਨ ਟੁਟਦੇ ਹਨ ਤਾਂ ਗੁਰ-ਸ਼ਬਦੀ ਹੀ ਟੁਟਦੇ ਹਨ ਤੇ ਗੁਰ-ਸ਼ਬਦੀ ਹੀ ਮੁਕਤਿ ਪ੍ਰਾਪਤਿ ਹੁੰਦੀ ਹੈ। ਗੁਰ-ਸ਼ਬਦ ਦੀ ਸੱਚੀ ਪੜ੍ਹਾਈ ਬਿਨਾਂ ਮਨ ਚੰਚਲ ਵਸ ਹੀ ਨਹੀਂ ਆਉਂਦਾ, ਦੁਬਿਧਾ ਵਿਚ ਲਗਿਆ ਹੋਇਆ ਦਹਿਦਿਸ ਧਾਵੰਦਾ ਫਿਰਦਾ ਹੈ ਤੇ ਨਿਰਾ ਬਿਖ ਦਾ ਕੀੜਾ ਹੀ ਬਣ ਰਹਿੰਦਾ ਹੈ। ਬਿਖ ਦਾ ਕੀੜਾ ਹੀ ਬਣ ਕੇ ਬਿਖਿਆ ਵਿਚ ਹੀ ਲੱਥ ਪੱਥ ਹੋ ਰਹਿੰਦਾ ਤੇ ਬਿਖਿਆ ਵਿਚ ਹੀ ਪਚ ਪਚ ਕੇ ਮਰ ਜਾਂਦਾ ਹੈ। ਯਥਾ ਗੁਰਵਾਕ:

**ਦੂਜੈ ਭਾਇ ਪੜੈ ਨਹੀ ਬੂਝੈ ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ ॥**
**ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ ॥੩ ॥**
**ਇਹੁ ਮਨੁ ਚੰਚਲੁ ਵਸਿ ਨ ਆਵੈ ॥ ਦੁਬਿਧਾ ਲਾਗੈ ਦਹਦਿਸਿ ਧਾਵੈ ॥**
**ਬਿਖੁ ਕਾ ਕੀੜਾ ਬਿਖੁ ਮਹਿ ਰਾਤਾ ਬਿਖੁ ਹੀ ਮਾਹਿ ਪਚਾਵਣਿਆ ॥੪ ॥ ( ॥੯ ॥੨੯ ॥੩੦ ॥)**
**(ਮਾਝ ਮ: ੩, ਪੰਨਾ: ੧੨੭)**

**ਸਾਧਿਕ ਸਿਧ ਜਿਸੈ ਕਉ ਫਿਰਦੇ ॥ ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥**
**ਕੋਟਿ ਤੇਤੀਸਾ ਖੋਜਹਿ ਤਾ ਕਉ ਗੁਰ ਮਿਲਿ ਹਿਰਦੈ ਗਾਵਣਿਆ ॥੨ ॥ ( ॥੮ ॥੧ ॥੩੫ ॥)**
**(ਮਾਝ ਮ: ੫ ਘਰੁ ੧, ਪੰਨਾ: ੧੩੦)**

ਸਿਧ ਸਾਧਿਕ ਅਨੇਕਾਂ ਆਨਮਤਾਂ ਦੇ ਖੋਜੀ ਪਰਮਾਤਮਾ ਦੇ ਪਾਵਣ ਕਾਰਨ ਐਧਰ ਉਧਰ ਬਥੇਰੇ ਭਜੇ ਫਿਰਦੇ ਹਨ। ਬ੍ਰਹਮੇ ਇੰਦਰ ਆਦਿਕ ਹਿੰਦੂਆਂ ਦੇ ਦੇਵਤੇ ਭੀ ਆਪ-ਹੁਦਰੇ ਹੀ ਪਰਮਾਤਮਾ ਦਾ ਧਿਆਨ ਧਰਦੇ ਹਨ। ਆਪਣੇ ਜਾਣੇ ਤਾਂ ਬਥੇਰਾ ਹਿਰਦਿਓਂ ਧਿਆਨ ਧਰਦੇ ਹਨ, ਪਰ ਧਰਿਆ ਨਹੀਂ ਜਾਂਦਾ। ਤੇਤੀ ਕਰੋੜ ਹਿੰਦੂਆਂ ਦੇ ਦੇਵਤੇ ਭੀ ਇਸੇ ਪ੍ਰਕਾਰ ਪਰਮਾਤਮਾ ਦੇ ਖੋਜਣ ਦੇ ਤਰਲੇ ਲੈਂਦੇ ਫਿਰਦੇ ਹਨ, ਪਰ ਸਭ ਤਰਲੇ ਬਿਰਥੇ ਹੀ ਜਾਂਦੇ ਹਨ।

ਆਨਮਤ ਤੇ ਮਨਮਤਿ ਦੀ ਖੋਜ ਦੁਆਰਾ ਜਾਂ ਐਉਂ ਕਹੋ ਕਿ ਮਨਮਤਿ ਭਰੀ ਆਨਮਤ ਖੋਜ ਦੁਆਰਾ ਪਰਮਾਤਮਾ ਮਿਲਦਾ ਹੀ ਨਹੀਂ, ਮਿਲਦਾ ਹੈ ਤਾਂ ਗੁਰੂ ਨੂੰ ਮਿਲਿਆਂ ਹੀ ਮਿਲਦਾ ਹੈ। ਗੁਰੂ ਸੱਚਾ ਕੇਵਲ ਗੁਰੂ ਨਾਨਕ ਹੀ ਹੈ, ਜੋ ਆਪਣੇ ਦਸੇ ਗੁਰ-ਜਾਮਿਆਂ ਵਿਚ ਜਗਿਆਸੂ-ਖੋਜੀਆਂ ਨੂੰ ਆਪਣੀ ਨਦਰ ਮੇਹਰ ਦੁਆਰਾ ਤਾਰ ਨਿਸਤਾਰ ਕੇ ਪਰਮਾਤਮਾ ਨਾਲ ਮਿਲਾਪ ਕਰਵਾਉਂਦਾ ਹੈ ਤੇ ਹਿਰਦੇ ਅੰਦਰ ਹੀ ਕਰਾਇ ਦੇਂਦਾ ਹੈ। ਇਸ ਬਿਧਿ ਗੁਰਮਤਿ-ਦੀਖਿਆ ਵਾਲੇ ਖੋਜੀ ਜਨ ਗੁਰਮੁਖਿ ਸਿਖ ਸੇਵਕ ਹੋਇ ਕੇ ਗੁਰਮਤਿ ਨਾਮ ਅਭਿਆਸ ਦੀਆਂ ਕਮਾਈਆਂ ਕਰਦਿਆਂ ਤੇ ਗੁਰਮਤਿ ਨਾਮ ਨੂੰ ਕਮਾਇ ਕਮਾਇ ਕੇ ਅਤੇ ਵਾਹਿਗੁਰੂ ਦੇ ਗੁਣ ਗਾਇ ਗਾਇ ਕੇ ਹਿਰਦੇ ਅੰਦਰ ਹੀ ਉਸ ਦਾ ਧਿਆਨ ਜਮਾਇ ਲੈਂਦੇ ਹਨ। ਉਸ ਨੂੰ ਪਰਤੱਖ ਪੇਖ ਪੇਖ ਕੇ, ਸਨਮੁਖ ਦਰਸ਼ਨ ਕਰ ਕਰ ਕੇ ਓਹਨਾਂ ਦਾ ਹਿਰਦਾ ਭਿਜ ਜਾਂਦਾ ਹੈ ਤੇ ਓਹ ਹਿਰਦਿਓਂ ਭਿਜ ਕੇ ਪਰਤੱਖ ਦਰਸ਼ਨ ਕਰਦੇ ਹੋਏ ਸੱਚੇ ਦਿਲੋਂ ਉਸ ਦੇ ਗੁਣ ਗਾਉਂਦੇ ਹਨ।

**ਇਕਿ ਕੰਦ ਮੂਲੁ ਚੁਣਿ ਖਾਹਿ ਵਣ ਖੰਡਿ ਵਾਸਾ ॥**
**ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗੀ ਸੰਨਿਆਸਾ ॥**
**ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ॥**
**ਬਿਰਥਾ ਜਨਮੁ ਗਵਾਇ ਨ ਗਿਰਹੀ ਨ ਉਦਾਸਾ ॥**
**ਜਮ ਕਾਲੁ ਸਿਰਹੁ ਨ ਉਤਰੈ ਤ੍ਰਿਬਿਧਿ ਮਨਸਾ ॥**
**ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ ॥**
**ਸਚਾ ਸਬਦੁ ਸਚੁ ਮਨਿ ਘਰ ਹੀ ਮਾਹਿ ਉਦਾਸਾ ॥**
**ਨਾਨਕ ਸਤਿਗੁਰੁ ਸੇਵਨਿ ਆਪਣਾ ਤੇ ਆਸਾ ਤੇ ਨਿਰਾਸਾ ॥੫ ॥**
**(ਵਾਰ ਮਾਝ ਕੀ ਤਥਾ ਸਲੋਕ ਮ:੧, ਪੰਨਾ: ੧੪੦)**

ਦੇਖੋ ਇਸ ਪਉੜੀ ਅੰਦਰ ਆਨਮਤੀਆਂ ਦੀ ਕੁਚੱਜ-ਕਿਰਿਆ ਕੈਸੀ ਕੈਸੀ ਅਵੈੜੀ ਦੱਸੀ ਹੈ। ਇਕ ਤਾਂ ਆਨਮਤੀ ਉਪਾਸ਼ਕ ਐਸੇ ਹਨ ਜੋ ਗਾਜਰ ਮੂਲੀ ਕੰਦ ਮੂਲ ਚੁਣ ਕੇ ਖਾਣ ਵਿਚ ਹੀ ਤੱਤ ਉਪਾਸ਼ਨਾ ਦੇ ਸਾਰ-ਗਿਰਾਹੀ ਬਣਦੇ ਹਨ ਤੇ ਜੰਗਲਾਂ ਵਾਲੀ ਧਰਤੀ ਵਿਚ ਹੀ ਆਪਣਾ ਵਾਸਾ ਰਖਦੇ ਹਨ। ਇਸ ਬਿਧਿ ਪਾਖੰਡ ਕਰ ਕਰ ਕੇ ਆਨਮਤੀ ਆਮ ਲੋਕਾਂ ਨੂੰ ਭਰਮਾਉਂਦੇ ਹਨ ਤੇ ਆਪਣੇ ਆਪ ਨੂੰ ਪਰਮਾਤਮਾ ਤਾਈਂ ਪੁਜਿਆ ਜਣਾਉਂਦੇ ਹਨ।

ਇਕ ਐਸੇ ਭੇਖਧਾਰੀ ਅਨਮਤੀ ਹਨ ਕਿ ਭਗਵਾ ਭੇਸ ਕਰ ਕੇ ਹੀ ਬਿਚਰਦੇ ਫਿਰਨ ਨੂੰ ਹੀ ਉਚ ਪਦਵੀ ਵਿਚ ਪੁਗਿਆ ਹੋਇਆ ਨਿਜ ਤਾਈਂ ਗਰਦਾਨਦੇ ਹਨ। ਹਠ ਜੋਗ ਦੇ ਧਾਰਨੀ, ਜੋਗ ਅਤੇ ਸੰਨਿਆਸ ਆਸ਼੍ਰਮ ਦੇ ਆਸ਼੍ਰਮੀ ਸੰਨਿਆਸੀ ਸਭ ਏਸੇ ਆਨਮਤੀ ਭੇਖਧਾਰੀ ਪਖੰਡੀਆਂ ਦੀ ਸ਼੍ਰੇਣੀ ਵਿਚੋਂ ਹੀ ਹਨ।

ਆਪਣੇ ਜਾਣੇ ਤਾਂ ਜੋਗ ਸੰਨਿਆਸ ਵਾਲਾ ਤਿਆਗ ਭੇਖ ਧਾਰਨ ਕਰ ਕੇ ਸੰਸਾਰੀ ਵਾਸ਼ਨਾਵਾਂ ਦੀਆਂ ਤ੍ਰਿਸ਼ਨਾਵਾਂ ਤੋਂ ਆਪਣੇ ਆਪ ਨੂੰ ਅਤੀਤ ਜ਼ਾਹਰ ਕਰਦੇ ਹਨ, ਪਰ ਅੰਤਰਗਤੀ ਓਹਨਾਂ ਦੇ ਮਨ ਅੰਦਰ ਤੀਬਰ ਤ੍ਰਿਸ਼ਨਾ ਮਾਇਕ ਪਦਾਰਥਾਂ ਦੇ ਹਾਸਲ ਕਰਨ ਦੀ ਬਣੀ ਹੀ ਰਹਿੰਦੀ ਹੈ। ਛਾਦਨ ਭੋਜਨ ਦੀ ਇਛਾ ਓਹਨਾਂ ਦੀ ਮਿਟਦੀ ਹੀ ਨਹੀਂ। ਬਸ ਏਸੇ ਬਿਧਿ ਪਾਖੰਡ-ਭਰਮੀ, ਭੇਖ-ਧਰਮੀ ਬਣ ਕੇ ਆਪਣਾ ਮਨੁਖ ਜਨਮ ਬਿਰਥਾ ਹੀ ਗੰਵਾ ਲੈਂਦੇ ਹਨ। ਨਾ ਓਹ ਗ੍ਰਿਸਤੀ ਹੀ ਰਹਿੰਦੇ ਹਨ, ਨਾ ਓਹਨਾਂ ਨੂੰ ਸੱਚੇ ਉਦਾਸੀ ਬਣਨ ਦਾ ਚੱਜ ਆਉਂਦਾ ਹੈ। ਕੱਚਾ ਉਦਾਸ ਭੇਖ ਧਾਰਨ ਕਰ ਕੇ ਅਤੇ ਗੇਰੂ-ਰੰਗੇ ਕਪੜੇ ਪਾ ਕੇ ਲੋਕਾਂ ਤਾਈਂ ਜਣਾਉਂਦੇ ਹਨ ਕਿ ਉਹ ਪਰਮ ਪਦ ਨੂੰ ਪੁਜੇ ਹੋਏ ਹਨ। ਅਜਿਹੇ ਪਖੰਡੀਆਂ ਦੇ ਸਿਰਾਂ ਉਪਰੋਂ ਜਮਕਾਲ ਦਾ ਡੰਡਾ ਉਤਰਦਾ ਹੀ ਨਹੀਂ। ਤ੍ਰੈਗੁਣੀ ਵਾਸ਼ਨਾ ਹੋਣ ਕਰਕੇ ਮਾਇਕ ਪਦਾਰਥਾਂ ਦੀ ਲਾਲਸਾ ਵਿਚ ਹੀ ਲੱਥ ਪੱਥ ਹੋ ਕੇ ਲਿਬੜੇ ਰਹਿੰਦੇ ਹਨ। ਕਾਲ ਤਾਂ ਏਹਨਾਂ ਅਨਮਤੀਆਂ ਦੇ ਸਿਰ 'ਤੇ ਕੂਕਦਾ ਹੀ ਰਹਿੰਦਾ ਹੈ। ਇਹ ਕੇਵਲ ਗੁਰਮਤਿ ਹੀ ਹੈ, ਜਿਸ ਦੇ ਧਾਰਨ ਕਰਕੇ ਕਾਲ ਨੇੜੇ ਹੀ ਨਹੀਂ ਆਉਂਦਾ। ਗੁਰਮਤਿ ਦੇ ਧਾਰਨੀ ਬਣ ਕੇ ਓਹ ਆਪਣਾ ਆਪ ਜਣਾਉਂਦੇ ਨਹੀਂ, ਬਲਕਿ ਸਭਸ ਦੀ ਰੇਣਕਾ ਹੋਇਕੈ ਆਪਣਾ ਜਨਮ ਬਿਤਾਉਂਦੇ ਹਨ। ਬਸ, ਦਾਸਨ ਦਾਸ ਹੀ ਹੋਇ ਰਹਿੰਦੇ ਹਨ। ਅਜਿਹੇ ਦਾਸਨ ਦਾਸ ਹੋਇ ਰਹੇ ਗੁਰਮੁਖਿ ਜਨ ਦੇ ਮਨ ਵਿਖੇ ਸਚਾ ਸ਼ਬਦ ਗੁਰਮੰਤਰ ਸਦਾ ਵਸਿਆ ਹੀ ਰਹਿੰਦਾ ਹੈ। ਇਸ ਸ਼ਬਦ ਗੁਰਮੰਤਰ ਦੇ ਅਭਿਆਸ ਦੇ ਪ੍ਰਤਾਪ ਕਰਕੇ ਗ੍ਰਿਸਤ ਅੰਦਰ ਹੀ ਉਦਾਸ ਸਭ ਵਾਸ਼ਨਾਵਾਂ ਤੋਂ ਨਿਰਵਾਸ਼ ਤੇ ਅਲਿਪਤ ਰਹਿ ਕੇ ਆਪਣਾ ਜੀਵਨ ਬਿਤਾਉਂਦੇ ਹਨ:

**ਗੁਰਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ ॥**
**(ਭਾਈ ਗੁਰਦਾਸ ਜੀ, ਵਾਰ ੨੯, ਪਉੜੀ ੧੫)**

ਯਥਾ- **ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥...॥੫ ॥**
**(ਰਾਮਕਲੀ ਮ: ੧ ਸਿਧ ਗੋਸਟਿ, ਪੰਨਾ: ੯੩੮)**

ਗੁਰਵਾਕਾਂ ਦੇ ਭਾਵ ਆਸ਼ੇ ਅਨੁਸਾਰ ਸਚੇ ਗ੍ਰਿਸਤ ਉਦਾਸੀ ਰਾਜੇ ਜੋਗੀ ਹੀ ਬਣ ਰਹਿੰਦੇ ਹਨ। ਗੁਰੂ ਨਾਨਕ ਸਾਹਿਬ ਫ਼ੁਰਮਾਉਂਦੇ ਹਨ, ਜੋ ਸਤਿਗੁਰੂ ਦੇ ਸੱਚੇ ਗੁਰਸਿਖ ਸੇਵਕ ਤੇ ਅਨਿੰਨ ਉਪਾਸ਼ਕ ਹਨ, ਉਹਨਾਂ ਦੀ ਆਤਮ ਬਿਵਸਥਾ ਉਪਰ ਦਸੇ ਅਨੁਸਾਰ ਆਸਾ ਤੋਂ ਨਿਰਾਸਾ ਪਦ ਵਾਲੀ ਹੁੰਦੀ ਹੈ।▪▪

# ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ ?



ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ



ਏਸ ਭੈ ਅਦਬ ਦੀ ਸ਼੍ਰੇਣੀ ਤਾਬਿਆ ਹੀ ਸਮੂਹ ਗੁਰਦੁਆਰੇ ਸਾਹਿਬਾਨ ਦੀ ਅਦਬ ਯਾਤਰਾ ਦਾ ਹੁਕਮ ਆਉਂਦਾ ਹੈ। ਯਥਾ ਗੁਰਵਾਕ:

**ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥**
**ਗੁਰਸਿਖੀ ਸੋ ਥਾਨੁ ਭਾਲਿਆ ਲੈ ਧੂਰਿ ਮੁਖਿ ਲਾਵਾ ॥... ॥੨॥ ( ॥੪॥੫॥੧੨॥)**
**(ਆਸਾ ਮ: ੪, ਪੰਨਾ: ੪੫੦)**

ਅੱਜ ਕਲ੍ਹ ਦੇ ਪੱਛਮੀ ਵਿਦਿਆ (ਅਵਿਦਿਆ) ਦੇ ਪੜ੍ਹਾਕੂ ਨਾਮ-ਧਰੀਕ ਸਿੱਖਾਂ ਨੇ ਗੁਰੂ ਦੁਆਰੇ ਅਸਥਾਨਾਂ ਅਗੇ ਸੀਸ ਨਿਵਾਉਣਾ ਅਤੇ ਮਸਤਕ ਟੇਕ ਕੇ ਚਰਨ ਧੂੜਿ ਲਾਉਣਾ ਆਪਣੇ ਮਨ ਦੇ ਮਤੇ ਮੁਜਬ ਹੀ ਮਨਮਤਿ ਸਮਝ ਰਖਿਆ ਹੈ। ਅਜਿਹੇ ਚੰਚਲ-ਮਤੀ ਪੁਰਸ਼ ਜਦੋਂ ਭੀ ਕਿਸੇ ਸਿੰਘ ਬਿਬੇਕੀ ਨੂੰ ਐਸਾ ਕਰਦਾ ਦੇਖਦੇ ਸੁਣਦੇ ਹਨ ਤਾਂ ਕੁਤਰਕ ਟਿੱਚਰਾਂ ਕਰਦੇ ਹਨ। ਓਹਨਾਂ ਨੂੰ ਆਪਣੇ ਹੀ ਅਗਿਆਨ ਅਤੇ ਗੁਰਮਤਿ-ਹੀਣਤਾ ਦਾ ਪਤਾ ਨਹੀਂ ਹੁੰਦਾ। ਏਸ ਗੁਰਮਤਿ-ਹੀਣ ਅਗਿਆਨ ਦੇ ਅਧੀਨ ਹੋਏ ਹੋਏ ਓਹ ਗੁਰਮਤਿ ਦੇ ਗੂੜ੍ਹ ਆਸ਼ੇ ਅਤੇ ਉਚ ਕਮਾਈਆਂ ਤੋਂ ਊਰੇ ਹੀ ਰਹਿ ਜਾਂਦੇ ਹਨ। ਬਿਬੇਕੀ ਗੁਰਮੁਖ ਜਨਾਂ ਦੇ ਸਨਮੁਖ ਗੁਰੂ ਕੇ ਹੁਕਮਾਂ ਦਾ ਪਾਲਣਾ ਕਮਾਉਣਾ ਹੁੰਦਾ ਹੈ। ਓਹਨਾਂ ਹੁਕਮਾਂ ਦੀ ਕਮਾਈ ਫੇਰ ਉਕਤ ਬਿਬੇਕੀਆਂ ਦੀ ਆਤਮ-ਦ੍ਰਿਸ਼ਟ-ਬਿਰਤੀ ਨੂੰ ਏਵਡ ਦਿੱਬ ਅਤੇ ਉੱਚੀ ਕਰ ਦਿੰਦੀ ਹੈ ਕਿ ਜਿਉਂ ਜਿਉਂ ਓਹ ਗੁਰ-ਅਸਥਾਨਾਂ ਉਪਰ ਦੀ ਨਿਛਾਵਰ ਹੁੰਦੇ ਹਨ; ਜਿਉਂ ਜਿਉਂ ਗੁਰ-ਅਸਥਾਨਾਂ ਅਗੋਚਰ ਮਸਤਕ ਨਿਵਾਵੰਦੇ ਅਤੇ ਪ੍ਰਣਾਮ ਬੰਦਨਾ ਕਰਿ ਕਰਿ ਪ੍ਰਕਰਮਾ ਲੈਂਦੇ ਹਨ, ਤਿਉਂ ਤਿਉਂ ਓਹਨਾਂ ਨੂੰ ਪਰਤੱਖ ਗੁਰੂ ਕੀ ਜਾਗਤ ਜੋਤਿ ਦੇ ਕਉਤਕ ਕਟਾਕਸ਼ੀ ਚਮਤਕਾਰੇ ਦਿਦਾਰੇ ਦਰਸਾਰੇ ਹੁੰਦੇ ਹਨ, ਅਤੇ ਜਿਉਂ ਜਿਉਂ ਇਹ ਕਉਤਕ-ਵਰਤਾਰੇ ਅੰਦਰ ਆ ਕੇ ਵਰਤਦੇ ਹਨ ਤਿਉਂ ਤਿਉਂ ਉਕਤ ਅਦਬ ਸਨਮਾਨ ਦੇ ਨਿਛਾਵਰੀ ਤਰੀਕਿਆਂ ਭੈ-ਭਾਵਨੀਆਂ ਦੀਆਂ ਗੁਰਮਤਿ ਰਹੁ-ਰੀਤਾਂ ਉਤੇ ਘੋਲੇ ਵਾਰਨੇ ਵੰਞਣ ਨੂੰ ਹੋਰ ਭੀ ਸ਼ਰਧਾ-

ਭਾਵਨੀਆਂ ਦੀਆਂ ਤ੍ਰੰਗਾਂ ਉਠਦੀਆਂ ਹਨ।

## ਇਤਿਹਾਸਕ ਗੁਰ-ਅਸਥਾਨਾਂ ਤੇ ਸ਼ਹੀਦੀ ਸਥਾਨਾਂ ਲਈ ਤਨ ਮਨ ਧਨ ਵਾਰਨਾ ਤੇ ਸ਼ਸਤ੍ਰਾਂ ਦਾ ਸਤਿਕਾਰ

ਏਹਨਾਂ ਸ਼ਰਧਾ-ਭਿੰਨੀਆਂ ਉਮੰਗਾਂ ਦੇ ਆਤਮ-ਤ੍ਰੰਗੀ ਮਰਜੀਵੜੇ ਹੀ ਆਪਣੇ ਗੁਰ-ਅਸਥਾਨਾਂ ਦੀ ਬੇ-ਅਦਬੀ ਨੂੰ ਦੇਖ ਕੇ ਮਰ ਮਿਟਣ ਨੂੰ ਤਿਆਰ ਹੋ ਜਾਂਦੇ ਹਨ ਅਤੇ ਅਜਿਹੇ ਮਰਜੀਵੜਿਆਂ ਦੀਆਂ ਸ਼ਹੀਦੀਆਂ ਅਤੇ ਹੋਰ ਅਨਿਕ ਪ੍ਰਕਾਰੀ ਘਾਲਣਾ ਹੀ ਕੌਮੀ ਜੀਵਨ ਵਿਚ ਜਾਨ ਪਾਉਣ ਦਾ ਰੰਗ ਲਿਆਉਂਦੀਆਂ ਹਨ। ਕਿਉਂਕਿ ਓਹ ਗੁਰਮਤਿ ਭੈ ਦੀ ਕਮਾਈ ਦੁਆਰਾ ਨਿਰਭੈ ਪਦ ਨੂੰ ਪ੍ਰਾਪਤ ਹੋ ਚੁਕੇ ਹੁੰਦੇ ਹਨ ਅਤੇ ਏਸ ਨਿਰਭੈ ਪਦ ਅੰਦਰ ਖੇਡਦਿਆਂ ਹੋਇਆਂ ਜਾਨ ਉਪਰ ਦੀ ਖੇਡ ਜਾਣਾ ਇਕ ਆਤਮ-ਅਨੰਦੀ ਅਵਸਥਾ ਵਿਚ ਅਰੂੜ੍ਹ ਹੋ ਕੇ ਜੋ ਕੁਝ ਭੀ ਉਹ ਆਪਣੇ ਗੁਰ-ਅਸਥਾਨਾਂ ਦੀ ਰਛਿਆ ਨਮਿਤ ਕਰਦੇ ਹਨ, ਸਭ ਗੁਰੂ ਦੀ ਪ੍ਰੇਰਨਾ ਅਤੇ ਗੁਰੂ ਸਾਹਿਬ ਦੇ ਹੁਕਮਾਂ ਅਨੁਸਾਰ ਹੁੰਦਾ ਹੈ। ਕੋਈ ਹੈਂਕੜ ਹੰਕਾਰ ਤੋਂ ਉਪੰਨਾ ਸੰਸਕਾਰ ਨਹੀਂ ਹੁੰਦਾ। ਕਿਸੇ ਨੂੰ ਭੈ ਦੇਣ ਅਤੇ ਭੈ ਦਿਖਾਉਣ ਹਿਤ ਨਹੀਂ ਹੁੰਦਾ। ਪ੍ਰੰਤੂ ਨਿਰਭੈ ਪਦ ਅੰਦਰਿ ਅਰੂੜ੍ਹ ਹੋਣ ਕਰਕੇ ਉਹ ਕਿਸੇ ਦਾ ਭੈ ਭੀ ਨਹੀਂ ਮੰਨਦੇ। ਅਤੇ ਨਾ ਹੀ ਕਿਸੇ ਵਿਡਾਣੀ ਈਨ ਅਤੇ ਦਬਦਬੇ ਹੇਠ ਆ ਕੇ ਆਪਣੇ ਗੁਰ-ਅਸਥਾਨ ਨਮਿਤ ਮਰ ਮਿਟਣ ਵਾਲੀ ਨਿਰਭੈ ਬਿਵਸਥਾ ਤੋਂ ਟਲਦੇ ਹਨ। ਗੁਰੂ ਦੁਆਰੇ ਸਾਹਿਬਾਨ ਅਤੇ ਗੁਰੂ ਘਰ ਦੇ ਸ਼ਹੀਦ ਅਸਥਾਨਾਂ ਦੀ ਸ਼ਾਨ ਇੱਜ਼ਤ ਆਬਰੂ ਕਾਇਮ ਦਾਇਮ ਰਖਣ ਲਈ ਤਨ ਮਨ ਧਨ ਦਾ ਹੋਮ ਦੇਣਾ ਓਹਨਾਂ ਦੀ ਇਕ ਸਹਜ ਸੁਭਾਵੀ ਆਤਮ-ਖੇਡ ਹੈ।

ਗੁਰਦੁਆਰੇ ਸਾਹਿਬਾਨ ਦੇ ਅਦਬ ਸਨਮਾਨ ਤੋਂ ਉਤਰ ਕੇ ਫੇਰ ਸ਼ਸਤ੍ਰਾਂ ਦਾ ਸਨਮਾਨ ਅਦਬ ਭੀ ਐਨ ਗੁਰਮਤਿ ਬਿਬੇਕ ਹੈ। "**ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥ ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥੯੧॥**" (**ਬਚਿਤ੍ਰ ਨਾਟਕ, ਅਧਿਆਇ ੧, ਅੰਕ: ੯੧**) ਦੇ ਸ੍ਰੀ ਦਸਮੇਸ਼ ਵਾਕ ਦਸਦੇ ਹਨ ਕਿ ਸ਼ਸਤ੍ਰਾਂ ਅਸਤ੍ਰਾਂ ਦਾ ਕੈਸਾ ਅਦਬ ਸਨਮਾਨ ਗੁਰੂ ਘਰ ਅੰਦਰ ਹੈ। ਜੋ ਸ਼ਸਤ੍ਰਧਾਰੀ ਹੋ ਕੇ ਸ਼ਸਤ੍ਰਾਂ ਦਾ ਅਦਬ ਸਨਮਾਨ ਨਹੀਂ ਜਾਣਦਾ ਉਸ ਨੂੰ ਸ਼ਸਤ੍ਰਾਂ ਦੀ ਕਦਰ ਹੀ ਕੀ? ਧਰਮ-ਯੁੱਧ-ਅਖਾੜੇ ਵਿਚ ਸ਼ਸਤ੍ਰ ਸਨਮਾਨੀ ਸਿੰਘ ਸੂਰਬੀਰ ਦੀ ਸਦਾ ਜੈ ਹੈ। ਉਸੇ ਸੂਰਬੀਰ ਸਿੰਘ ਨੂੰ ਸ਼ਸਤ੍ਰ ਸ਼ੋਭਦੇ ਹਨ ਜੋ ਸ਼ਸਤ੍ਰਾਂ ਦਾ ਸਨਮਾਨ ਕਰਨਾ ਜਾਣਦਾ ਹੈ। ਜਿਸ ਸ਼ਸਤ੍ਰ ਨੂੰ ਆਮ ਸੰਸਾਰੀ ਤਲਵਾਰ ਆਖਦੇ ਹਨ, ਉਸਦਾ ਪ੍ਰਸਿਧ ਨਾਮ ਗੁਰੂ ਖ਼ਾਲਸਾ ਜੀ ਦੀ ਭਾਸ਼ਾ ਅੰਦਰ ਸ੍ਰੀ ਸਾਹਿਬ ਹੈ। ਜਿਸ ਸ਼ਸਤ੍ਰ ਦੇ ਨਾਮ ਨੂੰ ਹੀ ਇਤਨਾ ਸਨਮਾਨ ਦਿਤਾ ਗਿਆ ਹੈ, ਉਸ ਸ਼ਸਤ੍ਰ ਦੇ ਸਮ੍ਹਾਲ ਕੇ ਰਖਣ ਸਜਾਉਣ ਅਤੇ ਚਲਾਉਣ (ਵਰਤਣ) ਵਿਚ ਤਾਂ ਕੇਵਡ ਵੱਡਾ ਸਨਮਾਨ ਹੋਣਾ ਲੋੜੀਂਦਾ ਹੈ। ਜਿਨ੍ਹਾਂ ਬਿਬੇਕ-ਹੀਣ ਪੁਰਸ਼ਾਂ ਨੂੰ ਇਸ ਸਨਮਾਨ ਅਦਬ ਦੀ ਸਾਰ ਨਹੀਂ, ਓਹ ਅਕਸਰ ਸ਼ਸਤ੍ਰ-ਸਨਮਾਨ ਕਰਨਹਾਰੇ ਸਚਿਆਰ ਸਿੰਘ ਨੂੰ ਸ਼ਸਤ੍ਰ-ਪੂਜਕ ਨਾਉਂ ਧਰ ਕੇ ਮਖ਼ੌਲ ਕਰਿਆ ਕਰਦੇ ਹਨ। ਜੋ ਸਿੰਘ ਸੂਰਮੇ ਬਿਬੇਕੀ ਹਨ, ਉਹ ਸ੍ਰੀ ਦਸਮੇਸ਼ ਜੀ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਸ਼ਸਤ੍ਰਾਂ ਦਾ ਸਨਮਾਨ ਸਿਰੋਂ ਪਰੰਦ ਹੋ ਕੇ ਕਰਦੇ ਹਨ। ਓਹਨਾਂ ਦਾ ਸ਼ਸਤ੍ਰਾਂ ਦਾ ਸਨਮਾਨ ਕਰਨਾ ਗੁਰੂ ਕਲਗੀਧਰ ਜੀ ਖੜਗਧਾਰੀ ਦੇ ਹੁਕਮਾਂ ਦੀ ਪਾਲਣਾ ਕਰਨਾ ਹੈ। ਪਰਵਾਹ ਨਹੀਂ ਲੋਕ ਕੁਛ ਭੀ ਮੇਹਣੇ ਮਾਰਨ, ਬਿਬੇਕੀ ਜਨ (ਹੁਕਮ ਕਮਾਵਣਹਾਰੇ ਸਿੰਘ) ਨੂੰ ਸਤਿਗੁਰੂ ਦੇ ਹੁਕਮ ਪਾਲਣ ਦਾ ਭੈ ਸੰਸਾਰੀਆਂ ਦੇ ਮੇਹਣਿਆਂ ਤੁੱਖਣਿਆਂ ਦੇ ਭੈ ਨਾਲੋਂ ਕੋਟਾਨ ਕੋਟਿ ਦਰਜਾ ਅਧਿਕ ਸ੍ਰੇਸ਼ਟ ਹੈ। ਗੁਰੂ ਦਸਮੇਸ਼ ਜੀ ਦੇ ਸਿੰਘ ਸੂਰਮੇ ਸ਼ਸਤ੍ਰ ਜੋ ਧਾਰਨ ਕਰਦੇ ਹਨ, ਸੋ ਲੋਕ-ਦਿਖਾਵੇ ਯਾ ਲੋਕਾਂ ਦੀ ਮਨਾਉਤ ਲਈ ਨਹੀਂ ਕਰਦੇ, ਕੇਵਲ ਸਤਿਗੁਰੂ ਸਾਹਿਬ ਜੀ ਦੇ ਹੁਕਮੀ ਬੰਦੇ ਹੋ ਕੇ ਕਰਦੇ ਹਨ। ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਦਾ ਸਨਮਾਨ ਕਰਦੇ ਹਨ ਤੇ ਹੁਕਮੀ ਬੰਦੇ ਹੋ ਕੇ ਹੀ ਸ਼ਸਤ੍ਰਾਂ ਨੂੰ ਧਰਮ-ਯੁਧ ਅੰਦਰ ਵਰਤਦੇ ਹਨ। ਇਹ ਨਿਰਭੈ ਅਕਾਲੀ ਪੰਥ ਹੀ ਸ੍ਰੀ ਦਸਮੇਸ਼ ਜੀ ਨੇ ਧਰਮ-ਰਖਿਆ ਲਈ ਚਲਾਇਆ ਹੈ।

ਭੈ ਦੇਣਹਾਰੇ ਅਧਰਮੀ ਅਤਿਆਚਾਰੀ ਜਰਵਾਣਿਆਂ ਪਾਸੋਂ ਦੀਨਾਂ ਗਰੀਬਾਂ ਦੀ ਰਖਿਆ ਕਰਨ ਹਿਤ ਜਦ ਭੀ ਲੋੜ ਪਵੇ ਅਤੇ ਜਦੋਂ ਭੀ ਗੁਰੂ ਅਤੇ ਗੁਰੂ ਪੰਥ ਦੀ ਆਗਿਆ ਹੋਵੇ ਤਦੋਂ ਹੀ ਕਾਲ ਦੇ ਭੈ ਤੋਂ ਨਿਰਭੈ ਅਕਾਲੀ ਵੀਰ ਸ਼ਸਤ੍ਰਾਂ ਦੀ ਸਹਾਇਤਾ ਦੁਆਰਾ ਹੀ ਦੁਰਜਨ ਸ਼ਤਰੂਆਂ ਦਾ ਖੈ ਕਰ ਕੇ ਦੀਨਾਂ ਦੀ ਰਖਿਆ ਕਰਨਗੇ ਅਤੇ ਜਦ ਕਦੇ ਭੀ ਧਰਮ ਦੀ ਹਾਨੀ ਦਾ ਹੋਰ ਕੋਈ ਇਲਾਜ ਸ਼ਸਤ੍ਰ ਉਠਾਏ ਬਗ਼ੈਰ ਨਾ ਹੋ ਸਕਦਾ ਹੋਵੇ ਤਾਂ ਨਿਧੜਕ ਅਤੇ ਨਿਸੰਗ ਸ਼ਸਤ੍ਰ ਫੜ ਕੇ ਧਰਮ-ਯੁਧ ਅੰਦਰ ਜੁਟ ਜਾਣਗੇ। ਸ੍ਰੀ ਦਸਮੇਸ਼ ਜੀ ਦੇ ਅਵਤਾਰ ਧਾਰਨ ਅਤੇ ਇਹ ਅਵਤਾਰੀ ਸ਼ਸਤ੍ਰਧਾਰੀ ਨਿਰਭੈ ਨਿਰੰਕਾਰੀ ਖਾਲਸਾ (ਅਕਾਲੀ) ਪੰਥ ਚਲਾਵਣ ਦਾ ਜੋ ਅਸਲ ਅਭਿਪਰਾ ਹੈ, ਉਹ ਸ੍ਰੀ ਦਸਮੇਸ਼ ਜੀ ਦੇ ਹੇਠ ਲਿਖੇ ਸ੍ਰੀ ਮੁਖਵਾਕ ਬਚਨ ਤੋਂ ਸਪੱਸ਼ਟ ਸਿਧ ਹੈ। ਯਥਾ:

**ਹਮ ਇਹ ਕਾਜ ਜਗਤ ਮੋ ਆਏ ॥ ਧਰਮ ਹੇਤ ਗੁਰਦੇਵਿ ਪਠਾਏ ॥**

**ਜਹਾਂ ਤਹਾਂ ਤੁਮ ਧਰਮ ਬਿਥਾਰੋ ॥ ਦੁਸਟ ਦੋਖੀਅਨਿ ਪਕਰਿ ਪਛਾਰੋ ॥੪੨॥**

**ਯਾਹੀ ਕਾਜ ਧਰਾ ਹਮ ਜਨਮੰ ॥ ਸਮਝ ਲੇਹੁ ਸਾਧੂ ਸਭ ਮਨਮੰ ॥**

**ਧਰਮ ਚਲਾਵਨ ਸੰਤ ਉਬਾਰਨ ॥ ਦੁਸਟ ਸਭਨ ਕੋ ਮੂਲ ਉਪਾਰਨ ॥੪੩॥**

**(ਬਚਿੱਤ ਨਾਟਕ, ਅਧਿਆਇ ੬)**

ਇਸ ਪ੍ਰਕਾਰ ਦੇ ਧਰਮ-ਯੁਧ ਦੇ ਸਿਧਾਂਤ ਤੋਂ ਸੱਖਣੇ ਕਿਸੇ ਹੋਰ ਮਨੋਰਥ ਲਈ ਸ਼ਸਤ੍ਰਧਾਰੀ ਖਾਲਸਾ ਜੀ ਨੂੰ ਸ਼ਸਤ੍ਰ ਉਠਾਉਣ ਦੀ ਆਗਿਆ ਨਹੀਂ। ਧਰਮ-ਰੱਖਿਆ ਲਈ ਧਰਮ-ਯੁਧ ਦਾ ਸਿਧਾਂਤ-ਆਦਰਸ਼ ਸਦੀਵ ਲਈ ਅਟੱਲ ਦਸ਼ਾ ਵਿਚ ਨਿਯਤ ਹੋ ਗਿਆ ਅਤੇ ਸ਼ਸਤ੍ਰਧਾਰੀ ਗੁਰੂ ਖ਼ਾਲਸਾ ਪੰਥ ਦੀ ਅਕਾਲੀ ਸਾਜਨਾ ਭੀ ਅਟੱਲਤਾ ਸਹਿਤ ਸਥਾਪਨ ਹੋ ਗਈ, ਹੁਣ ਜੋ ਇਸ ਅਟੱਲ ਤੇ ਅਕਾਲੀ ਆਦਰਸ਼ ਅੰਦਰ ਅਦਲਾ ਬਦਲੀ ਅਥਵਾ ਹੋਰ ਕਿਸੇ ਪ੍ਰਕਾਰ ਦੀ ਗੜਬੜ ਕਰੇਗਾ ਸੋ ਸ੍ਰੀ ਦਸਮੇਸ਼ ਜੀ ਦੇ ਆਦਰਸ਼ੀ ਸਿਧਾਂਤ ਅਤੇ ਅਟੱਲ ਅਕਾਲੀ ਹੁਕਮਾਂ ਤੋਂ ਬੇਮੁਖ ਹੋਵੇਗਾ। ਕੇਵਲ ਪੇਟ ਪਾਲਣ ਦੀ ਖ਼ਾਤਰ ਭਾਟੜਿਆਂ ਆਦਿ ਡਿੰਭ-ਧਾਰੀਆਂ ਨਿਆਈਂ ਸ਼ਸਤ੍ਰਧਾਰੀ ਸਿੰਘ ਸੱਜਣ ਸ੍ਰੀ ਖੜਗਧਾਰੀ ਦਸਮੇਸ਼ ਜੀ ਦੇ ਹੁਕਮਾਂ ਤੋਂ ਉਲਟ ਹੈ। ਆਪ ਭੈ ਮੰਨਣਹਾਰੇ ਅਤੇ ਹੋਰਨਾਂ ਨੂੰ ਭੈ ਦੇਣਹਾਰੇ ਸੰਸਾਰੀ ਮਾਇਕ ਮਨੋਰਥਾਂ ਲਈ ਵੈਰ ਵਿਰੋਧ ਕਮਾਵਣਹਾਰੇ ਜਰਵਾਣਿਆਂ ਦੇ ਖਲਦਲਾਂ ਵਿਚ ਕੇਵਲ ਉਪਜੀਵਕਾ ਹਿਤ ਲੋਭ ਲਹਿਰ ਦੇ ਮਾਰੇ ਸ਼ਸਤ੍ਰਧਾਰੀ ਬਣ ਕੇ ਚਾਕਰੀਆਂ ਕਰਨੀਆਂ ਸ਼ਸਤ੍ਰਧਾਰੀ ਪਦ ਨੂੰ ਲਾਜ ਲਾਉਣਾ ਹੈ।

ਸਿੰਘ ਸ਼ਸਤ੍ਰਧਾਰੀ ਜੇਕਰ ਅਜਿਹੇ ਜਰਗਿਆਂ ਵਿਚ ਜਾ ਕੇ ਕੇਵਲ ਉਪਜੀਵਕਾ ਨਮਿਤ ਨੌਕਰ ਹੋਣਗੇ ਤਾਂ ਓਹਨਾਂ ਦੀ ਸੂਰਮਤਾਈ ਨੂੰ ਵੱਟਾ ਹੀ ਨਹੀਂ ਲਗੇਗਾ, ਬਲਕਿ ਸੂਰਮਤਾਈ ਦੀ ਅਸਲ ਸਪਿਰਟ ਹੀ ਓਹਨਾਂ ਦੇ ਅੰਦਰ ਨਹੀਂ ਰਹੇਗੀ। ਸੂਰਮਤਾਈ ਸੂਰਬੀਰਤਾ ਦੀ ਸਪਿਰਟ ਬਿਹੂਣ ਸਿੰਘ ਕਾਹਦਾ? ਸਿੰਘ ਸੂਰਮਾ ਓਹ ਹੈ, ਜੋ ਬੀਰ ਰਸ ਦੇ ਨਿਰਭੈ ਪਦ ਅਤੇ ਚੜ੍ਹਦੀ ਕਲਾ ਵਿਚ ਖੇਲ੍ਹਦਾ ਹੈ। ਅਤੇ ਨਿਰਭੈਤਾ ਤੇ ਚੜ੍ਹਦੀ ਕਲਾ ਓਥੇ ਹੈ ਜਿਥੇ ਲੋਭ ਲਹਿਰ ਨਹੀਂ; ਜਿਥੇ ਮਾਇਕ ਮਨੋਰਥ ਨਹੀਂ; ਜਿਥੇ ਮਾਇਆਵੀ ਜੀਵਾਂ ਦੀ ਮੁਥਾਜੀ ਨਹੀਂ; ਜਿਥੇ ਗੁਰੂ ਅਕਾਲ ਪੁਰਖ ਤੋਂ ਛੁਟ ਅਤੇ ਗੁਰੂ ਪੰਥ ਦੀ ਆਗਿਆ ਤੋਂ ਉਲਟ ਹੋਰ ਕਿਸੇ ਦੀ ਈਨ ਮਨੌਤੀ ਨਹੀਂ। ਜਿਥੇ ਏਸ ਪ੍ਰਕਾਰ ਦੀ ਕਾਣ ਹੈ, ਉਥੇ ਨਿਰਭੈ ਪਦ ਕਿਥੇ? ਅਤੇ ਨਿਰਭੈ ਪਦ ਵਾਲੀ ਨਿਰਭੈਤਾ ਬਿਹੂਣ ਸ੍ਰੀ ਸਾਹਿਬ ਸਾਰਖੇ ਸ਼ਸਤ੍ਰ ਨੂੰ ਧਾਰਨ ਕਰਨਾ ਸ੍ਰੀ ਸਾਹਿਬ ਦੀ ਬੇਅਦਬੀ ਕਰਨਾ ਹੈ।

# ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ

ਸ੍ਰੀ ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ ਲਾਹੌਰ ਦੀ ਚੂਨਾ ਮੰਡੀ ਵਿਖੇ, ਪਿਤਾ ਹਰਦਾਸ ਸੋਢੀ ਦੇ ਗ੍ਰਹਿ ਵਿਖੇ ੨੪ ਸਤੰਬਰ ੧੫੩੪ ਨੂੰ ਹੋਇਆ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਤਾਂ ਉਦੋਂ ਭਾਈ ਲਹਿਣਾ ਰੂਪ ਵਿਚ ਦੋ ਸਾਲ ਤੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੇਵ ਕਮਾ ਰਹੇ ਸਨ ਅਤੇ ਸ੍ਰੀ ਅਮਰਦਾਸ ਜੀ ਓਦੋਂ ਤੀਰਥ ਯਾਤਰਾ ਆਦਿ ਬਿਖੜੇ ਪੈਂਡਿਆਂ ਵਿਚ ਹੀ ਵਿਚਰ ਰਹੇ ਸਨ। ਜੇਠਾ ਪੁੱਤਰ ਹੋਣ ਕਰਕੇ ਆਪ ਜੀ ਨੂੰ ਬਚਪਨ ਤੋਂ 'ਜੇਠਾ' ਨਾਂਅ ਨਾਲ ਪੁਕਾਰਿਆ ਜਾਂਦਾ ਸੀ। ਆਪ ਜੀ ਦੇ ਮਾਤਾ ਜੀ ਤਾਂ ਛੋਟੀ ਉਮਰੇ ਹੀ ਚਲਾਣਾ ਕਰ ਗਏ ਸਨ। ਸੱਤ ਸਾਲ ਦੀ ਉਮਰ ਵਿਚ ਪਿਤਾ ਜੀ ਵੀ ਵਿਛੋੜਾ ਦੇ ਗਏ। ਇਸ ਯਤੀਮ ਹਾਲਤ ਵਿਚ ਇਨ੍ਹਾਂ ਨੂੰ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ, ਜਿਥੇ ਸ੍ਰੀ ਅਮਰਦਾਸ ਜੀ ਰਹਿੰਦੇ ਸਨ ਅਤੇ ਓਦੋਂ ਤੋਂ ਹੀ ਆਪ, ਸ੍ਰੀ ਅਮਰਦਾਸ ਜੀ ਦੀ ਦੇਖ-ਰੇਖ ਵਿਚ ਵਿਚਰਦੇ ਰਹੇ।

ਸਵੱਈਆਂ ਦੀ ਬਾਣੀ ਵਿਚ ਬਲ੍ਯ ਭੱਟ ਸ੍ਰੀ ਗੁਰੂ ਰਾਮਦਾਸ ਜੀ ਦੀ ਉਸਤਤਿ ਕਰਦਿਆਂ ਕਹਿ ਰਿਹਾ ਹੈ ਕਿ ਹੇ ਗੁਰੂ ਰਾਮਦਾਸ! ਤੇਰੀ ਜੈ ਜੈ ਕਾਰ ਸਾਰੇ ਸੰਸਾਰ ਵਿਚ ਹੋ ਰਹੀ ਹੈ। ਹੇ ਸਤਿਗੁਰੂ! ਤੂੰ ਆਪ ਪਰਮ ਪਦ ਪ੍ਰਾਪਤ ਕਰ ਲਿਆ ਹੈ ਅਤੇ ਵਾਹਿਗੁਰੂ ਦੀ ਬਖ਼ਸ਼ਿਸ਼ ਸਦਕਾ ਜੋ ਵੀ ਤੇਰਾ ਦਰਸ਼ਨ ਪਰਸਦਾ ਹੈ ਉਹ ਵੀ ਪਾਰਸ ਸਮਾਨ ਹੋ ਜਾਂਦਾ ਹੈ, ਜੋ ਗਲੇ-ਸੜੇ ਲੋਹੇ ਨੂੰ ਵੀ ਕੰਚਨ ਕਰ ਦਿੰਦਾ ਹੈ। ਤੁਕਾਂ ਹਨ :

**ਕਰਮ ਕਰਿ ਤੁਅ ਦਰਸ ਪਰਸ ਪਾਰਸ ਸਰ ਬਲ੍ਯ ਭਟ ਜਸੁ ਗਾਇਯਉ ॥**
**ਸ੍ਰੀ ਗੁਰ ਰਾਮਦਾਸ ਜਯੋ ਜਯ ਜਗ ਮਹਿ ਤੈ ਹਰਿ ਪਰਮ ਪਦੁ ਪਾਇਯਉ ॥੪॥ ( ॥੫॥੫੪॥)**
**(ਸਵਈਏ ਮਹਲੇ ਚਉਥੇ ਕੇ ੪, ਅੰਕ : ੧੪੦੫)**

ਇਸੇ ਤਰ੍ਹਾਂ ਸਤਾ ਤੇ ਬਲਵੰਡ, ਸਤਿਗੁਰਾਂ ਦੀ ਨਿੰਦਾ ਕਾਰਨ ਸਰਾਪੇ ਜਾਣ ਪਿੱਛੋਂ ਜਦੋਂ ਮੁੜ ਗੁਰੂ-ਸ਼ਰਨ ਆਏ ਤਾਂ ਗੁਰੂ ਉਸਤਤਿ ਕਰਦਿਆਂ ਸ੍ਰੀ ਗੁਰੂ ਰਾਮਦਾਸ ਜੀ ਦੀ ਵਡਿਆਈ ਵਿਚ ਕਹਿੰਦੇ ਹਨ :

**ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥**
**ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ ॥**
**ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ ॥**
**ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ ॥**
**ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ ॥**
**ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ ॥**
**ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ ॥**
**ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ ॥**
**ਗੁਰੁ ਡਿਠਾ ਤਾਂ ਮਨੁ ਸਾਧਾਰਿਆ ॥੭॥ ( ॥੮॥੧॥)**
**(ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂਮਿ ਆਖੀ, ਅੰਕ : ੯੬੮)**

ਸਿੱਖ-ਸੰਗਤਾਂ ਸ੍ਰੀ ਗੁਰੂ ਰਾਮਦਾਸ ਜੀ ਨੂੰ ਪਾਰਬ੍ਰਹਮ ਦਾ ਰੂਪ ਜਾਣ ਕੇ ਨਮਸਕਾਰ ਕਰਦੀਆਂ ਹਨ, ਪਰ ਹੇ ਸਤਿਗੁਰੂ! ਜਿਹੜੇ ਪੂਰਨ ਸ਼ਰਧਾ-ਭਾਵਨੀ ਨਾਲ ਤੈਨੂੰ ਸੇਂਵਦੇ ਹਨ, ਉਨ੍ਹਾਂ ਦਾ ਤੂੰ ਪਾਰ-ਉਤਾਰਾ ਕਰਦਾ ਹੈਂ ਅਤੇ ਉਨ੍ਹਾਂ ਦਾ ਮਨ ਗੁਰੂ ਦੇ ਦਰਸ਼ਨ ਕਰਕੇ ਹਰਾ ਭਰਾ ਹੋ ਜਾਂਦਾ ਹੈ।

ਐਸੇ ਸਤਿਗੁਰੂ ਦੀ ਜੈ-ਜੈਕਾਰ ਦੀ ਧੁੰਨ ਤੇ ਧੰਨ-ਧੰਨ ਦੀ ਗੁੰਜਾਰ ਵਿਚ, ਅੱਜ ਦੇ ਭਿਆਨਕ ਤੇ ਬਿਖੜੇ ਮਾਹੌਲ ਵਿਚ ਵੀ, ਉਨ੍ਹਾਂ ਦੇ ਪ੍ਰਕਾਸ਼ ਦਿਵਸ 'ਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤ-ਸਰੋਵਰ, ਸਾਰਾ ਆਲਾ-ਦੁਆਲਾ ਅਤੇ ਸਾਰੀ ਨਗਰੀ ਜਗਮਗਾ ਉੱਠਦੀ ਹੈ, ਹਰ ਪਾਸੇ ਚਾਅ ਤੇ ਖੇੜੇ ਦਾ ਪਸਾਰਾ ਪਸਰ ਰਿਹਾ ਹੁੰਦਾ ਹੈ। ਸਿੱਖ ਸੰਗਤਾਂ ਖ਼ੁਸ਼ੀਆਂ ਦੇ ਉਮਾਹ ਵਿਚ ਧਾਈ ਕਰਕੇ ਗੁਰੂ ਦਰਬਾਰ ਪੁੱਜਦੀਆਂ ਅਤੇ ਨਾਮ-ਬਾਣੀ ਦੇ ਲਾਹੇ ਲੈ ਕੇ ਆਪਣੇ ਹਿਰਦੇ ਠਾਰਦੀਆਂ ਹਨ।

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਲਾਹੌਰ ਦੀ ਚੂਨਾ ਮੰਡੀ ਵਿਖੇ, ਪਿਤਾ ਹਰਦਾਸ ਸੋਢੀ ਦੇ ਗ੍ਰਹਿ ਵਿਖੇ ੨੪ ਸਤੰਬਰ ੧੫੩੪ ਨੂੰ ਜਦੋਂ ਹੋਇਆ ਤਾਂ ਉਦੋਂ ਪਹਿਲੇ ਤਿੰਨੇ ਗੁਰੂ ਸਾਹਿਬਾਨ ਸਰੀਰਕ ਜਾਮੇ ਵਿਚ ਮੌਜੂਦ ਸਨ। ਸ੍ਰੀ ਗੁਰੂ ਅੰਗਦ ਦੇਵ ਸਾਹਿਬ ਤਾਂ ਉਦੋਂ ਭਾਈ ਲਹਿਣਾ ਰੂਪ ਵਿਚ ਦੋ ਸਾਲ ਤੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੇਵ ਕਮਾ ਰਹੇ ਸਨ ਅਤੇ ਸ੍ਰੀ ਅਮਰਦਾਸ ਜੀ ਓਦੋਂ ਤੀਰਥ ਯਾਤਰਾ ਆਦਿ ਬਿਖੜੇ ਪੈਂਡਿਆਂ ਵਿਚ ਹੀ ਵਿਚਰ ਰਹੇ ਸਨ।

ਜੇਠਾ ਪੁੱਤਰ ਹੋਣ ਕਰਕੇ ਆਪ ਜੀ ਨੂੰ ਬਚਪਨ ਤੋਂ 'ਜੇਠਾ' ਨਾਂਅ ਨਾਲ ਪੁਕਾਰਿਆ ਜਾਂਦਾ ਸੀ। ਆਪ ਜੀ ਦੇ ਮਾਤਾ ਜੀ ਤਾਂ ਛੋਟੀ ਉਮਰੇ ਹੀ ਚਲਾਣਾ ਕਰ ਗਏ ਸਨ। ਸੱਤ ਸਾਲ ਦੀ ਉਮਰ ਵਿਚ ਪਿਤਾ ਜੀ ਵੀ ਵਿਛੋੜਾ ਦੇ ਗਏ। ਇਸ ਯਤੀਮ ਹਾਲਤ ਵਿਚ ਇਨ੍ਹਾਂ ਨੂੰ ਨਾਨੀ ਆਪਣੇ ਪਿੰਡ ਬਾਸਰਕੇ ਲੈ ਆਈ, ਜਿਥੇ ਸ੍ਰੀ ਅਮਰਦਾਸ ਜੀ ਰਹਿੰਦੇ ਸਨ ਅਤੇ ਓਦੋਂ ਤੋਂ ਹੀ ਆਪ, ਸ੍ਰੀ ਅਮਰਦਾਸ ਜੀ ਦੀ ਦੇਖ-ਰੇਖ ਵਿਚ ਵਿਚਰਦੇ ਰਹੇ। ਅਤਿ ਦੀ ਗਰੀਬੀ ਹੋਣ ਕਰਕੇ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦੇ ਰਹੇ। ਓਦੋਂ ਕੌਣ ਜਾਣਦਾ

ਸੀ ਕਿ ਇਹ ਘੁੰਗਣੀਆਂ ਵੇਚਣ ਵਾਲਾ ਯਤੀਮ ਕਿਸੇ ਸਮੇਂ ਦੀਨ ਦੁਨੀਆ ਦਾ ਪਾਤਿਸ਼ਾਹ ਸਦਾਏਗਾ, ਜਿਸ ਦੇ ਦਰ ’ਤੇ ਰਾਜੇ ਮਹਾਰਾਜੇ ਅਤੇ ਪਾਤਸ਼ਾਹ ਵੀ ਆ ਕੇ ਸਿਰ ਨਿਵਾਉਣਗੇ। ਇਸ ਦਾ ਜ਼ਿਕਰ ਨਲ੍ਹ ਭੱਟ ਆਪਣੀ ਬਾਣੀ ਵਿਚ ਇਉਂ ਕਰਦਾ ਹੈ :

**ਰਾਜੁ ਜੋਗੁ ਤਖਤੁ ਦੀਅਨੁ ਗੁਰ ਰਾਮਦਾਸ... ॥੪॥**

**(ਸਵਈਏ ਮਹਲੇ ਚਉਥੇ ਕੇ ੪, ਅੰਕ : ੧੩੯੯)**

ਭਾਈ ਜੇਠਾ ਜੀ ਦੇ ਸੁਭਾਅ ਵਿਚ ਬਚਪਨ ਤੋਂ ਹੀ ਧੀਰਜ, ਮਿਠਾਸ, ਜੀਰਾਂਦ ਅਤੇ ਸੇਵਾ-ਭਾਵ ਕੁੱਟ-ਕੁੱਟ ਕੇ ਭਰਿਆ ਹੋਇਆ ਸੀ। ਇਸ ਗਰੀਬੀ ਵਿਚ ਵੀ ਘੁੰਗਣੀਆਂ ਵੇਚਦਿਆਂ ਲੋੜਵੰਦਾਂ ਤੇ ਭੁੱਖਿਆਂ ਨੂੰ ਘੁੰਗਣੀਆਂ ਮੁਫ਼ਤ ਵੰਡ ਆਉਂਦੇ ਸਨ।

ਜਦੋਂ ਸ੍ਰੀ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਆਗਿਆ ਅਨੁਸਾਰ ਗੋਇੰਦਵਾਲ ਵਸਾਇਆ ਤਾਂ ਉਹ ਭਾਈ ਜੇਠਾ ਜੀ ਨੂੰ ਵੀ ਉਥੇ ਨਾਲ ਲੈ ਗਏ। ਗੋਇੰਦਵਾਲ ਵਿਚ ਵੀ ਆਪ ਜੀ ਘੁੰਗਣੀਆਂ ਵੇਚ ਕੇ ਹੀ ਆਪਣਾ ਅਤੇ ਨਾਨੀ ਦਾ ਗੁਜ਼ਾਰਾ ਕਰਦੇ ਰਹੇ। ਪਰ ਇਥੇ ਹੁਣ ਨਾਲ ਹੀ ਵੱਧ ਤੋਂ ਵੱਧ ਸੇਵਾ ਕਰਨ ਦੇ ਅਵਸਰ ਮਿਲਣ ਲੱਗ ਪਏ, ਕਦੇ-ਕਦੇ ਸ੍ਰੀ ਅਮਰਦਾਸ ਜੀ ਦੇ ਨਾਲ ਖਡੂਰ ਸਾਹਿਬ ਵਿਚ ਵੀ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ-ਪਰਸਨ ਦੇ ਸੁਭਾਗ ਪ੍ਰਾਪਤ ਹੋਣ ਲੱਗ ਪਏ।

ਅਤੁੱਟ ਸੇਵਾ-ਕਮਾਈ ਦੇ ਸਦਕਾ ਸੰਨ ੧੫੫੨ ਈਸਵੀ ਨੂੰ ਸ੍ਰੀ ਅਮਰਦਾਸ ਜੀ ਗੁਰੂ-ਪਦ ਨੂੰ ਪ੍ਰਾਪਤ ਹੋਏ। ਹੁਣ ਖਡੂਰ ਸਾਹਿਬ ਦੀ ਥਾਂ ਗੁਰਤਾ-ਗੱਦੀ ਗੋਇੰਦਵਾਲ ਵਿਖੇ ਆ ਪ੍ਰਕਾਸ਼ਮਾਨ ਹੋਈ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਮਨ ਨੂੰ ਇਤਨੇ ਭਾ ਗਏ ਸਨ ਕਿ ਉਨ੍ਹਾਂ ਨੇ ਆਪਣੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਸੰਨ ੧੫੫੩ ਵਿਚ ਆਪ ਦੇ ਨਾਲ ਕਰ ਦਿੱਤਾ।

ਭਾਈ ਜੇਠਾ ਜੀ ਗੁਰੂ ਪਾਤਿਸ਼ਾਹ ਦੇ ਜਵਾਈ ਬਣ ਕੇ ਵੀ ਪਹਿਲਾਂ ਵਾਂਗ ਹੀ ਲੰਗਰ ਲਈ ਜਲ ਅਤੇ ਲੱਕੜਾਂ ਆਦਿ ਦੀ ਸੇਵਾ ਵਿਚ ਚਾਅ-ਉਮਾਹ ਨਾਲ ਜੁਟੇ ਰਹੇ।

ਜਦੋਂ ੧੫੫੭ ਈਸਵੀ ਨੂੰ ਗੁਰੂ ਦਰਬਾਰ ਦੇ ਕੁਝ ਦੋਖੀਆਂ ਨੇ ਅਕਬਰ ਬਾਦਸ਼ਾਹ ਦੇ ਹਿੰਦੂ ਅਹਿਲਕਾਰਾਂ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਬਰਖ਼ਿਲਾਫ਼ ਕੰਨ ਭਰੇ ਤਾਂ ਲਾਹੌਰ ਵਿਖੇ ਆਏ ਹੋਏ ਅਕਬਰ ਨੇ ਸਤਿਗੁਰੂ ਜੀ ਨੂੰ ਬੁਲਾਵਾ ਭੇਜਿਆ, ਸਤਿਗੁਰਾਂ ਦੀ ਉਮਰ ਓਦੋਂ ੭੮ ਸਾਲ ਹੋ ਚੁੱਕੀ ਸੀ, ਉਨ੍ਹਾਂ ਨੇ ਆਪਣੀ ਥਾਂ ’ਤੇ ਭਾਈ ਜੇਠਾ ਜੀ ਨੂੰ ਸ਼ਾਹੀ ਦਰਬਾਰ ਵਿਖੇ ਭੇਜ ਦਿੱਤਾ। ਭਾਈ ਜੇਠਾ ਜੀ ਦਾ ਹਿਰਦਾ ਗੁਰੂ-ਘਰ ਦੀ ਅਥੱਕ ਸੇਵਾ ਅਤੇ ਸਿਮਰਨ ਕਰਕੇ ਅਤਿ ਨਿਰਮਲ ਅਤੇ ਸ਼ਾਂਤ ਹੋ ਚੁੱਕਾ ਸੀ। ਆਪ ਜੀ ਨੇ ਆਪਣੇ ਮਿੱਠੇ, ਕੋਮਲ ਤੇ ਧੀਰੇ ਬਚਨਾਂ ਦੁਆਰਾ, ਗੁਰੂ ਘਰ ਦੀ ਰਹਿਤ-ਰਹਿਣੀ ਐਸੀ ਸਿਆਣਪ ਤੇ ਸੁਚੱਜਤਾ ਨਾਲ ਬਿਆਨ ਕੀਤੀ ਕਿ ਸਭ ਦਰਬਾਰੀਆਂ ਸਮੇਤ ਬਾਦਸ਼ਾਹ ਦੀ ਪੂਰੀ ਤਰ੍ਹਾਂ ਨਿਸ਼ਾ ਹੋ ਗਈ। ਚੁਗ਼ਲੀਆਂ ਕਰਨ ਵਾਲੇ ਗੁਰੂ ਘਰ ਦੇ ਨਿੰਦਕਾਂ ਤੇ ਦੋਖੀਆਂ ਨੂੰ ਬੁਰੀ ਤਰ੍ਹਾਂ ਬੇਇੱਜ਼ਤ ਹੋ ਕੇ ਵਾਪਸ ਮੁੜਨਾ ਪਿਆ।

ਬਾਉਲੀ ਸਾਹਿਬ ਦੀ ਖੁਦਵਾਈ ਹੋਈ ਤਾਂ ਭਾਈ ਜੇਠਾ ਜੀ ਸਾਰਾ ਦਿਨ ਹੀ ਗਾਰੇ-ਮਿੱਟੀ ਵਿਚ ਲੱਥ-ਪੱਥ ਟੋਕਰੀ ਢੋਣ ਦੀ ਸੇਵਾ ਵਿਚ ਹੀ ਬਿਤਾਉਂਦੇ। ਅਜਿਹੀ ਦਸ਼ਾ ਵਿਚ ਵਿਚਰਦਿਆਂ ਸ਼ਰੀਕੇ ਦੇ ਰਿਸ਼ਤੇਦਾਰਾਂ ਜਦੋਂ ਆ ਕੇ ਵੇਖਿਆ ਤਾਂ ਉਨ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੂੰ ਜਾ ਉਲਾਂਭਾ ਦਿੱਤਾ ਕਿ ਜਵਾਈ-ਭਾਈ ਤੋਂ ਟੋਕਰੀ ਢੁਆ ਕੇ ਤੁਸਾਂ ਸਾਡਾ ਨੱਕ ਵੱਢ ਦਿੱਤਾ ਹੈ। ਪਰ ਭਾਈ ਜੇਠਾ ਜੀ ਇਹ ਅਪਮਾਨ ਦੇ ਬਚਨ ਸੁਣ ਕੇ ਸਤਿਗੁਰੂ ਦੇ ਚਰਨੀਂ ਢਹਿ ਪਏ ਤੇ ਬੇਨਤੀ ਕੀਤੀ ਕਿ ਇਨ੍ਹਾਂ ਭੁੱਲੜਾਂ ਨੂੰ ਬਖ਼ਸ਼ ਦਿਓ।

ਸ੍ਰੀ ਗੁਰੂ ਅਮਰਦਾਸ ਜੀ ਨੇ ੯੧ ਸਾਲ ਦੀ ਉਮਰੇ ਗੁਰਸਿੱਖੀ ਦੇ ਪ੍ਰਚਾਰ ਲਈ ਮਾਝੇ ਦੇ ਕੇਂਦਰ ਵਿਚ ਜ਼ਮੀਨ ਲਈ ਅਤੇ ਨਵੇਂ ਨਗਰ ਦੀ ਉਸਾਰੀ ਕਰਾਉਣ ਲਈ ਭਾਈ ਜੇਠਾ ਜੀ ਦੀ ਸੇਵਾ ਲਾ ਦਿੱਤੀ। ਸੰਨ ੧੫੭੦ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਉਸ ਜ਼ਮੀਨ ਵਿਖੇ ‘ਗੁਰੂ ਕਾ ਚੱਕ’ ਵਸਾਉਣ ਲਈ ਮੋੜ੍ਹੀ ਗੱਡੀ ਅਤੇ ਉਪਰੰਤ ਭਾਈ ਜੇਠਾ ਜੀ ਇਸ ਨਗਰ ਨੂੰ ਵਸਾਉਣ ਲਈ ਹਿਤੋਂ ਚਿਤੋਂ ਲੱਗ ਪਏ। ਜਿਥੇ ਭਾਈ ਜੇਠਾ ਜੀ ਸਿੱਖ-ਸੰਗਤਾਂ ਦੀ ਸੇਵਾ-ਸੰਭਾਲ ਅਤੇ ਨਗਰ ਵਸਾਉਣ ਲਈ ਹੋਰ ਸਾਰੇ ਪ੍ਰਬੰਧ ਸਰੰਜਾਮ ਲਿਆ ਰਹੇ ਸਨ ਉਥੇ ਉਹ ਆਪ ਵੀ ਮਿੱਟੀ-ਗਾਰੇ ਦੀ ਸੇਵਾ ਨਿਭਾਉਂਦੇ ਰਹੇ। ਗੁਰੂ-ਦਰ ਦੇ ਆਸ਼ਕ ਅਤੇ ਵਪਾਰੀ ਲੋਕ ਇਸ ਨਗਰ ਵਿਚ ਆ ਕੇ ਆਬਾਦ ਹੋਣੇ ਸ਼ੁਰੂ ਹੋ ਗਏ ਅਤੇ ਦੇਖਦਿਆਂ-ਦੇਖਦਿਆਂ ਹੀ ਕੁਝ ਸਾਲਾਂ ਵਿਚ ਇਹ ਚੰਗੀ ਵੱਸੋਂ ਵਾਲਾ ਨਗਰ ਬਣ ਗਿਆ।

ਸੰਨ ੧੫੭੪ ਈਸਵੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਿਆਈ ਦੇਣ ਤੋਂ ਪਹਿਲਾਂ ਇਕ ਵਾਰ ਹੋਰ ਗੁਰਸਿੱਖਾਂ ਦੀ ਪਰਖ ਕੀਤੀ, ਜਿਸ ਵਿਚ ਅੰਤ ਤੱਕ ਸਤਿਗੁਰੂ ਜੀ ਦੇ ਦੋਵੇਂ ਜਵਾਈ ਭਾਈ ਜੇਠਾ ਜੀ ਤੇ ਭਾਈ ਰਾਮਾ ਜੀ ਪੂਰੇ ਉਤਰਦੇ ਰਹੇ। ਛੇਕੜ ਸਤਿਗੁਰੂ ਜੀ ਨੇ ਖ਼ਾਸ ਵਿਉਂਤ ਦੇ ਦੋ ਵੱਖ-ਵੱਖ ਥੜ੍ਹੇ ਬਣਾਉਣ ਲਈ ਦੋਹਾਂ ਸੇਵਕਾਂ ਨੂੰ ਆਗਿਆ ਕੀਤੀ। ਦੋਵੇਂ ਸਵੇਰ ਤੋਂ ਸ਼ਾਮ ਤੱਕ ਗਾਰੇ-ਮਿੱਟੀ ਨਾਲ ਲੱਥ-ਪੱਥ ਥੜ੍ਹੇ ਬਣਾਉਣ ਦੀ ਸੇਵਾ ਕਰਦੇ, ਪਰ ਸਤਿਗੁਰਾਂ ਨੇ ਸ਼ਾਮ ਨੂੰ ਆ ਕੇ ਦੋਵੇਂ ਰੱਦ ਕਰ ਦੇਣੇ। ਭਾਈ ਰਾਮਾ ਜੀ ਤਾਂ ਤਿੰਨ-ਚਾਰ ਦਿਨਾਂ ਵਿਚ ਹੰਭ-ਹੁਟ ਕੇ ਡੋਲ ਗਏ, ਪਰ ਭਾਈ ਜੇਠਾ ਜੀ ਪੂਰੀ ਸਿੱਦਕ-ਦਿਲੀ ਨਾਲ ਸੱਤ ਦਿਨ ਥੜ੍ਹਾ ਬਣਾਉਣ ਦੀ ਕਾਰ ਕਮਾਉਂਦੇ ਰਹੇ। ਸਤਿਗੁਰੂ ਸ੍ਰੀ ਅਮਰਦਾਸ ਜੀ ਨੇ ਭਾਈ ਜੇਠਾ ਜੀ ਦੀ ਅਤਿ ਗਰੀਬੀ ਅਤੇ ਹੁਕਮ ਵਿਚ ਰਹਿ ਕੇ ਕਾਰ ਕਮਾਉਣ ਦੀ ਦ੍ਰਿੜ੍ਹਤਾ ਅਤੇ ਪਿਆਰ-ਸਿੱਦਕ ’ਤੇ ਪ੍ਰਸੰਨ ਹੋ ਕੇ, ਭਾਈ ਜੇਠਾ ਜੀ ਨੂੰ ਗੁਰ-ਗੱਦੀ ਬਖ਼ਸ਼ ਦਿੱਤੀ। ਭਾਈ ਜੇਠਾ ਜੀ, ਸ੍ਰੀ ਗੁਰੂ ਰਾਮਦਾਸ ਰੂਪ ਹੋ ਪ੍ਰਗਟ ਹੋ ਗਏ।

ਗੁਰੂ-ਪਦ ਨੂੰ ਪ੍ਰਾਪਤ ਕਰਕੇ ਸ੍ਰੀ ਗੁਰੂ ਰਾਮਦਾਸ ਜੀ ਗੁਰੂ-ਚੱਕ ਆ ਗਏ ਅਤੇ ਨਗਰ ਨੂੰ ਵਧਣ-ਫੁਲਣ ਲਈ ਹਰ ਤਰ੍ਹਾਂ ਦੇ ਪ੍ਰਬੰਧ ਵਿਚ ਜੁਟ ਗਏ। ਸਿੱਖ ਸੰਗਤਾਂ ਦੂਰ-ਦੂਰ ਤੋਂ ਧਾਈ ਕਰਕੇ ਗੁਰੂ ਕੀ ਨਗਰੀ ਪੁੱਜਦੀਆਂ ਅਤੇ ਆਪਣੇ ਪਾਤਿਸ਼ਾਹ ਤੋਂ ਨਾਮ-ਦਾਨ ਤੇ ਸਿੱਖੀ ਸਿੱਦਕ ਦੀ ਦਾਤਿ ਪ੍ਰਾਪਤ ਕਰਦੀਆਂ। ਸਿੱਖ ਸੰਗਤਾਂ ਦੀ ਲੋੜ ਨੂੰ ਮੁੱਖ ਰੱਖ ਕੇ ਆਪ ਨੇ ਅੰਮ੍ਰਿਤ ਸਰੋਵਰ ਪੁਟਵਾਉਣਾ ਆਰੰਭ ਕਰ ਦਿੱਤਾ ਅਤੇ ਸਿੱਖ ਸੰਗਤਾਂ ਦੇ ਨਾਲ ਆਪ ਵੀ ਟੋਕਰੀ ਢੋਣ ਦੀ ਸੇਵਾ ਨਿਭਾਉਂਦੇ ਰਹੇ। ਸਰੋਵਰ ਦੀ ਕਾਰ-ਸੇਵਾ ਸਮੇਂ ਸਤਿਗੁਰੂ ਜੀ ਲਾਚੀ ਬੇਰੀ ਵਾਲੇ ਅਸਥਾਨ ’ਤੇ ਬਿਰਾਜਮਾਨ ਹੋ ਕੇ ਦੇਖ-ਰੇਖ ਕਰਦੇ ਸਨ। ਇਨ੍ਹਾਂ ਦਿਨਾਂ ਵਿਚ ਹੀ ਇਕ ਘਟਨਾ ਵਾਪਰੀ। ਪੱਟੀ ਵਿਖੇ ਮੁਗ਼ਲ ਰਾਜ ਦਾ ਇਕ ਕਾਰਦਾਰ ਰਹਿੰਦਾ ਸੀ, ਜੋ ਬੜਾ ਹੰਕਾਰੀ ਤੇ ਰੱਬ ਤੋਂ ਮੁਨਕਰ ਸੀ। ਉਹ ਆਪਣੇ ਆਪ ਨੂੰ ਹੀ ਸਭ ਕੁਝ ਸਮਝਦਾ ਸੀ। ਉਸ ਦੀਆਂ ਪੰਜ ਧੀਆਂ ਸਨ, ਵੱਡੀਆਂ ਤਾਂ ਜਿਵੇਂ ਉਹ ਕਹਿੰਦਾ, ਮੰਨੀ ਜਾਂਦੀਆਂ, ਪਰ ਛੋਟੀ ਬੀਬੀ ਰਜਨੀ ਦੇ ਕੰਨੀਂ ਗੁਰੂ ਨਾਨਕ ਦੀ ਬਾਣੀ-ਸਰੋਤ ਪੈਣ ਕਰਕੇ ਦਾਤਾਰ-

ਪ੍ਰਭੂ 'ਤੇ ਭਰੋਸਾ ਰੱਖਦੀ ਸੀ। ਪਿਤਾ ਨੇ ਉਸ ਦੇ ਇਸ ਭਰੋਸੇ 'ਤੇ ਸੱਟ ਮਾਰਨ ਲਈ ਉਸ ਨੂੰ ਇਕ ਪਿੰਗਲੇ ਨਾਲ ਵਿਆਹ ਕੇ ਘਰੋਂ ਧੱਕ ਦਿੱਤਾ ਕਿ ਵੇਖਦਾ ਹਾਂ ਕਿਵੇਂ ਕੋਈ ਰੱਬ ਤੇਰੀ ਪ੍ਰਤਿਪਾਲਣਾ ਕਰਦਾ ਹੈ। ਬੀਬੀ ਭਾਨੀ ਪਿੰਗਲੇ ਪਤੀ ਨੂੰ ਖਾਰੇ ਵਿਚ ਪਾ ਕੇ ਦਰ-ਦਰ ਮੰਗਦੀ ਗੁਰੂ ਚੱਕ ਆ ਪੁੱਜੀ। ਦੁੱਖ-ਭੰਜਨੀ ਬੇਰੀ ਵਾਲੇ ਥਾਂ 'ਤੇ ਜਲ ਦੀ ਛੱਪੜੀ ਦੇ ਕੰਢੇ ਪਤੀ ਦਾ ਟੋਕਰਾ ਰੱਖ ਕੇ, ਆਪ ਮੰਗਣ ਪਿੰਨਣ ਚਲੀ ਗਈ। ਪਿੱਛੋਂ ਉਸ ਦੇ ਪਿੰਗਲੇ ਪਤੀ ਨੇ ਵੇਖਿਆ ਕਿ ਇਕ ਕਾਂ ਛੱਪੜੀ ਕੰਢੇ ਆਇਆ ਅਤੇ ਉਹ ਜਲ ਵਿਚ ਟੁੱਭੀ ਲਾ ਕੇ ਕਾਲੇ ਕਾਂ ਤੋਂ ਹੰਸ ਸਮਾਨ ਉਜਲ ਹੋ ਕੇ ਉਡਾਰੀ ਮਾਰ ਗਿਆ। ਪਿੰਗਲੇ ਨੇ ਇਹ ਕੌਤਕ ਵੇਖਿਆ ਤਾਂ ਉਹ ਵੀ ਰਿੜ੍ਹ-ਰੁੜ੍ਹ ਕੇ ਉਸ ਛੱਪੜੀ ਵਿਚ ਜਾ ਪਿਆ। ਛੱਪੜੀ ਦੇ ਜਲ ਨੇ ਉਸ ਦੀ ਕਾਇਆਂ ਕਲਪ ਕਰ ਦਿੱਤੀ।

ਉਹ ਨਵਾਂ-ਨਿਰੋਆ ਹੋ ਗਿਆ। ਬੀਬੀ ਰਜਨੀ ਮੁੜੀ ਤਾਂ ਉਸ ਨੂੰ ਵੇਖ ਕੇ ਬੀਬੀ ਨੂੰ ਅਮੰਨਾ ਨਾ ਆਵੇ ਕਿ ਇਹ ਉਹੋ ਮੇਰਾ ਕੋਹੜੀ ਪਤੀ ਹੈ। ਅੰਤ ਉਹ ਦੋਵੇਂ ਸ੍ਰੀ ਗੁਰੂ ਰਾਮਦਾਸ ਜੀ ਦੀ ਚਰਨ-ਸ਼ਰਨ ਵਿਚ ਹਾਜ਼ਰ ਹੋਏ ਤਾਂ ਸਤਿਗੁਰੂ ਜੀ ਨੇ ਬੀਬੀ ਨੂੰ ਯਕੀਨ ਦਿਵਾਇਆ ਕਿ ਇਹ ਗੁਰੂ-ਦਰਬਾਰ ਦੀ ਜ਼ਾਹਰਾ ਕਲਾ ਹੈ, ਇਹ ਤੇਰਾ ਹੀ ਪਤੀ ਹੈ, ਇਸ ਵਿਚ ਰਤਾ ਸ਼ੰਕਾ ਨਾ ਕਰ। ਦੋਵੇਂ ਜੀਅ ਗੁਰੂ-ਚੱਕ ਵਿਚ ਹੀ ਟਿਕ ਗਏ ਅਤੇ ਸੇਵਾ-ਸਿਮਰਨ ਕਰਦਿਆਂ ਧਰਮ ਦੀ ਕਿਰਤ-ਵਿਰਤ ਕਰਕੇ ਆਪਣੀ ਰਹਿੰਦੀ ਆਯੂ ਉਥੇ ਹੀ ਬਿਤਾਉਣ ਲੱਗੇ।

ਸ੍ਰੀ ਗੁਰੂ ਰਾਮਦਾਸ ਜੀ ਦੀ ਅਣਥੱਕ ਮਿਹਨਤ ਅਤੇ ਘਾਲਣਾ ਨਾਲ ਅੰਮ੍ਰਿਤ-ਸਰੋਵਰ ਮੁਕੰਮਲ ਹੋਇਆ ਅਤੇ ਗੁਰੂ ਕਾ ਚੱਕ ਵੀ ਬੇਅੰਤ ਰੌਣਕਾਂ ਵਿਚ ਸੁਸ਼ੋਭਿਤ ਹੋ ਗਿਆ। ਅੰਮ੍ਰਿਤ ਦੇ ਸਰੋਵਰ ਕਰਕੇ ਨਗਰੀ ਦਾ ਨਾਂਅ ਵੀ ਸਹਿਜੇ-ਸਹਿਜੇ 'ਗੁਰੂ ਕਾ ਚੱਕ' ਦੀ ਥਾਂ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ। ਗੁਰੂ ਪੰਚਮ ਪਾਤਸ਼ਾਹ ਫੁਨਹੇ ਮਹਲਾ ੫ ਵਿਚ ਇਸ ਨਗਰੀ ਤੇ ਸਰੋਵਰ ਦੀ ਸ਼ੋਭਾ ਇਉਂ ਨਿਰੂਪਣ ਕਰਦੇ ਹਨ :

**ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ॥**

**ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ॥ ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ॥੧੦॥ (॥੨੩॥)**

**(ਫੁਨਹੇ ਮਹਲਾ ੫, ਅੰਕ : ੧੩੬੨)**

ਭਾਈ ਗੁਰਦਾਸ ਜੀ ਵੀ ਸ੍ਰੀ ਗੁਰੂ ਰਾਮਦਾਸ ਜੀ ਦੀ ਜਗਮਗਾਂਦੀ ਜੋਤਿ ਦਾ ਇਸ ਸਮੇਂ ਦਾ ਜ਼ਿਕਰ ਕਰਦੇ ਹਨ :

**ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥**

**ਪੂਰਨ ਤਾਲ ਖਟਾਇਆ ਅੰਮ੍ਰਿਤਸਰ ਵਿਚਿ ਜੋਤਿ ਜਗਾਵੈ॥ (ਵਾਰ ੧, ਪਉੜੀ ੪੭)**

ਸ੍ਰੀ ਗੁਰੂ ਅਰਜਨ ਦੇਵ ਜੀ ਹਰ ਤਰ੍ਹਾਂ ਗੁਰੂ-ਪਾਤਿਸ਼ਾਹ ਦੀ ਕਸਵੱਟੀ 'ਤੇ ਪੂਰਨ ਗੁਰਸਿੱਖ ਰੂਪ ਹੋ ਕੇ ਨਿੱਤਰੇ ਅਤੇ ਸਬਰ-ਸਿੱਦਕ ਨਾਲ ਸਭ ਕਾਰ ਕਮਾਉਂਦੇ ਰਹੇ, ਆਪ ਗੁਰਮਤਿ ਗੁਣਾਂ ਵਿਚ ਨਿਪੁੰਨ ਸਨ, ਪਰ ਇਸ ਦੇ ਉਲਟ ਬਾਬਾ ਪ੍ਰਿਥੀ ਚੰਦ ਭਾਵੇਂ ਦੁਨਿਆਵੀ ਤੌਰ 'ਤੇ ਹਰ ਤਰ੍ਹਾਂ ਸੁਘੜ ਸੁਜਾਨ ਸੀ, ਪਰ ਉਸ ਦੇ ਅੰਦਰ ਹਉਮੈ ਦੇ ਕਾਰਨ ਮਾਇਆ ਪ੍ਰਬਲ ਸੀ, ਜਿਸ ਕਰਕੇ ਉਹ ਸਿੱਖੀ ਸਿੱਦਕ ਤੋਂ ਥਿੜਕਿਆ ਰਿਹਾ। ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਨੂੰ ਕਈ ਵਾਰ ਸਮਝਾਇਆ ਵੀ ਅਤੇ ਉਸ ਪ੍ਰਥਾਇ ਗੁਰਬਾਣੀ ਵਿਚ ਵੀ ਇਹ ਬਚਨ ਆਉਂਦੇ ਹਨ :

**ਕਾਹੇ ਪੂਤ ਝਗਰਤ ਹਉ ਸੰਗਿ ਬਾਪ॥**

**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ॥੧॥ਰਹਾਉ॥ (॥੨॥੧॥੭॥)**

**(ਸਾਰਗ ਮਹਲਾ ੪ ਘਰੁ ੩ ਦੁਪਦਾ, ਅੰਕ : ੧੨੦੦)**

ਅੰਤ ਅਗਸਤ ੧੫੮੧ ਈਸਵੀ ਨੂੰ ਆਪ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਖ਼ਸ਼ ਦਿੱਤੀ। ਇਸ ਸਮੇਂ ਪ੍ਰਿਥੀ ਚੰਦ ਦੀ ਈਰਖਾ ਤੋਂ ਬਚਣ ਲਈ ਸ੍ਰੀ ਗੁਰੂ ਰਾਮਦਾਸ ਜੀ ਆਪਣੇ ਆਗਿਆਕਾਰ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਤ ਗੋਇੰਦਵਾਲ ਜਾ ਟਿਕੇ ਅਤੇ ਇਥੇ ਹੀ ੧ ਸਤੰਬਰ ੧੫੮੧ ਈਸਵੀ ਨੂੰ ਜੋਤੀ-ਜੋਤਿ ਸਮਾ ਗਏ।

ਸ੍ਰੀ ਗੁਰੂ ਰਾਮਦਾਸ ਜੀ ਨੂੰ ਗੁਰਮਤਿ ਸੰਗੀਤ ਦਾ ਅਲੌਕਿਕ ਇਸ਼ਕ ਸੀ, ਇਸੇ ਕਾਰਨ ਉਨ੍ਹਾਂ ਦੀ ਬਾਣੀ ੩੦ ਰਾਗਾਂ ਵਿਚ ਮਿਲਦੀ ਹੈ, ਜਦਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ੧੯ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀ ੧੭ ਰਾਗਾਂ ਵਿਚ।

ਆਪ ਜੀ ਦੀ ਬਾਣੀ ਵਿਚ ਬਿਰਹੋਂ, ਵੈਰਾਗ ਅਤੇ ਗੁਰੂ-ਚਰਨਾਂ ਦਾ ਪ੍ਰੇਮ ਠਾਠਾਂ ਮਾਰਦਾ ਹੈ। ਆਪ ਜੀ ਦੀ ਰਚਿਤ ਬਾਣੀ ਵਿਚ ਚਾਰ ਰਾਗਾਂ ਦੀਆਂ ੬-੬ ਅਸ਼ਟਪਦੀਆਂ (੨੪ ਅਸ਼ਟਪਦੀਆਂ) ਪ੍ਰੇਮ ਤੇ ਬਿਰਹੋਂ ਰੰਗ ਵਿਚ ਰੰਗੀਆਂ ਹੋਈਆਂ ਹਨ ਅਤੇ ਇਹ ਬਾਣੀ 'ਸੁਖਮਨਾ ਸਾਹਿਬ' ਦੇ ਨਾਂਅ ਹੇਠ ਪ੍ਰਸਿੱਧ ਹੈ। ਅਜੇ ਵੀ ਕਈ ਗੁਰੂ ਕੇ ਲਾਲ ਇਸ ਬਾਣੀ ਦਾ ਨਿੱਤ ਅੰਮ੍ਰਿਤ ਵੇਲੇ ਪਾਠ ਕਰਦੇ ਤੇ ਅਨੰਦਤ ਹੁੰਦੇ ਹਨ।

ਸ੍ਰੀ ਗੁਰੂ ਰਾਮਦਾਸ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਬਿਰਾਦਰੀ ਵਲੋਂ ਜੋ ਇਕੱਠ ਗੋਇੰਦਵਾਲ ਹੋਇਆ, ਉਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪ੍ਰਤਿਭਾ ਉਜਾਗਰ ਹੋ ਗਈ। ਇਸ ਸਮੇਂ ਸਾਲਾਂ-ਬੱਧੀ ਠੋਕਰਾਂ ਖਾਂਦੇ ਭੱਟ ਵੀ ਗੁਰੂ-ਦਰਬਾਰ ਵਿਚ ਹਾਜ਼ਰ ਹੋਏ। ਉਨ੍ਹਾਂ ਨੇ ਜੋਤਿ ਦਾ ਜੋ ਪ੍ਰਕਾਸ਼ ਤੱਕਿਆ, ਉਹ ਉਨ੍ਹਾਂ ਦੇ ਹਿਰਦਿਆਂ ਨੂੰ ਰੁਸ਼ਨਾ ਗਿਆ। ਉਸ ਸਮੇਂ ਭੱਟਾਂ ਨੇ ਗੁਰੂ ਉਸਤਤਿ ਵਿਚ ਜੋ ਸਵੱਈਏ ਉਚਾਰਨ ਕੀਤੇ, ਉਨ੍ਹਾਂ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀ ਮਹਾਨਤਾ ਨੂੰ ਬਿਆਨ ਕਰਦਿਆਂ ਲਿਖਿਆ ਕਿ ਠਾਕਰ ਹਰਦਾਸ ਜੀ ਦੇ ਸਪੁੱਤਰ ਗੁਰੂ ਰਾਮਦਾਸ ਜੀ ਪ੍ਰਭੂ ਤੋਂ ਟੁੱਟੇ ਹੋਏ ਹਿਰਦਿਆਂ ਨੂੰ ਨੱਕਾ-ਨੱਕ ਨਾਮ-ਬਾਣੀ ਨਾਲ ਭਰ ਦੇਣ ਵਾਲੇ ਹਨ। ਉਨ੍ਹਾਂ ਦੀ ਨਿਰਮਲ ਸੰਗਤ ਵਿਚ ਚਲੂਲੇ ਆਤਮ-ਰੰਗ ਨਸੀਬ ਹੁੰਦੇ ਹਨ ਅਤੇ ਮਨ ਸਹਜ ਅਵਸਥਾ ਵਿਚ ਟਿਕ ਕੇ ਜੋਤਿ ਸਰੂਪੀ ਪ੍ਰਭੂ ਨਾਲ ਇਕ-ਮਿਕ ਹੋ ਜਾਂਦਾ ਹੈ। ਉਨ੍ਹਾਂ ਦੀ ਪ੍ਰੇਮਾ-ਭਗਤੀ ਦੇ ਭਰੇ ਭੰਡਾਰਾਂ ਦੀ ਬਖ਼ਸ਼ਸ਼ ਨਾਲ ਪਰਮ ਪਦ ਨੂੰ ਪ੍ਰਾਪਤ ਹੋਈਦਾ ਹੈ। ਪ੍ਰੇਮਾ ਭਗਤੀ ਦੇ ਪਰਵਾਹ ਕਾਰਨ ਉਨ੍ਹਾਂ ਦੀ ਪੂਰਬਲੀ ਪ੍ਰਭੂ-ਪ੍ਰੀਤ ਵਿਚ ਕਦੇ ਠਲ੍ਹ ਨਹੀਂ ਪੈਂਦੀ, ਸਗੋਂ ਸਤਿਗੁਰੂ ਦਾ ਅਥਾਹ ਗੁਰ ਸ਼ਬਦ ਜਪ ਜਪ ਕੇ ਉਹ ਅੰਮ੍ਰਿਤ-ਧਾਰਾ ਦੇ ਰਸ ਵਿਚ ਸਦਾ ਲਿਵਲੀਨ ਰਹਿੰਦੇ ਹਨ। ਭੱਟ-ਬਾਣੀ ਇਉਂ ਹੈ :

**- ਕਵਿ ਕਲ੍ਯ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ ਅਭਰ ਭਰੇ॥੨॥**

**- ਸਤਗੁਰ ਮਤਿ ਗੂੜ੍ਹ ਬਿਮਲ ਸਤਸੰਗਤਿ ਆਤਮੁ ਰੰਗਿ ਚਲੂਲੁ ਭਯਾ॥**

**ਜਾਗ੍ਯਾ ਮਨੁ ਕਵਲੁ ਸਹਜਿ ਪਰਕਾਸ੍ਯਾ ਅਭੈ ਨਿਰੰਜਨੁ ਘਰਹਿ ਲਹਾ...॥੩॥**

**(ਸਵਈਏ ਮਹਲੇ ਚਉਥੇ ਕੇ ੪, ਭਟ ਕਲ੍ਯ ਸਹਾਰ, ਅੰਕ : ੧੩੯੬)**

**-ਸਤਗੁਰ ਪਰਸਾਦਿ ਪਰਮਪਦੁ ਪਾਯਾ ਭਗਤਿ ਭਾਇ ਭੰਡਾਰ ਭਰੇ ...॥੪॥**

**(ਸਵਈਏ ਮਹਲੇ ਚਉਥੇ ਕੇ ੪, ਅੰਕ : ੧੩੯੭)**

**- ਪ੍ਰੇਮ ਭਗਤਿ ਪਰਵਾਹ ਪ੍ਰੀਤਿ ਪੁਬਲੀ ਨ ਹੁਟਇ॥**

**ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ ਗੁਟਇ...॥੮॥**

**(ਸਵਈਏ ਮਹਲੇ ਚਉਥੇ ਕੇ ੪, ਕਲਸਹਾਰ, ਅੰਕ : ੧੩੯੭)** ▪▪

# ਸਰਬੱਤ ਖਾਲਸਾ

ਪ੍ਰਿੰਸੀਪਲ ਗੁਰਮੁਖ ਸਿੰਘ

ਭਾਈ ਗੁਰਦਾਸ ਜੀ ਦੀ ਇਹ ਟੂਕ: "ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥' (ਵਾਰ ੧੩, ਪਉੜੀ ੧੯) ਦਾ ਸਰਬੱਤ ਖ਼ਾਲਸਾ ਅਤੇ ਗੁਰਮਤੇ ਦੇ ਸਬੰਧ ਵਿਚ ਵੱਡਾ ਮਹੱਤਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਇਦ ਇਸੇ ਰਵਾਇਤ ਨੂੰ ਮੁੱਖ ਰੱਖਦਿਆਂ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਲਈ ਗੁਰ-ਗੱਦੀ ਦੀ ਸੌਂਪਣਾ ਕੀਤੀ, ਉਥੇ ਸਤਿਗੁਰੂ ਜੀ ਨੇ ਖ਼ਾਲਸੇ ਵਿਚ ਆਪ ਹਾਜ਼ਰ ਰਹਿਣ ਦਾ ਸੰਕੇਤ ਵੀ ਦਿੱਤਾ। ਚਮਕੌਰ ਦੀ ਗੜ੍ਹੀ ਵਿਚ ਪੰਜਾਂ ਨੇ ਇਕੱਠੇ ਹੋ ਕੇ ਸਤਿਗੁਰਾਂ ਨੂੰ ਜੋ ਹੁਕਮ ਗੜ੍ਹੀ ਛੱਡ ਕੇ ਚਲੇ ਜਾਣ ਲਈ ਦਿੱਤਾ ਸੀ, ਉਹ ਪਹਿਲਾ 'ਗੁਰਮਤਾ' ਸਮਝਿਆ ਜਾ ਸਕਦਾ ਹੈ ਤੇ ਉਨ੍ਹਾਂ ਦੀ ਇਕੱਤਰਤਾ, ਸਮੇਂ ਤੇ ਸਥਾਨ ਮੁਤਾਬਕ 'ਸਰਬੱਤ ਖ਼ਾਲਸਾ' ਹੀ ਸੀ। ਇਸ ਨਵੀਂ ਪਰੰਪਰਾ ਨੇ ਸਤਿਗੁਰਾਂ ਦੀ ਆਪਣੀ ਮੌਜੂਦਗੀ ਵਿਚ ਹੀ ਜਨਮ ਲਿਆ।

**ਭੂਮਿਕਾ**

'ਸਰਬੱਤ ਖਾਲਸਾ' ਸ਼ਬਦ ਅਠ੍ਹਾਰਵੀਂ ਸਦੀ ਵਿਚ ਸਿੰਘਾਂ ਨੇ ਆਪ ਹੀ ਘੜਿਆ। ਬਾਬਾ ਬੰਦਾ ਸਿੰਘ ਬਹਾਦਰ ਦੇ ਸ਼ਹੀਦ ਹੋ ਜਾਣ ਮਗਰੋਂ ਸਿੱਖ ਕੌਮ ਦਾ ਕੋਈ ਯੋਗ ਆਗੂ ਨਾ ਉਭਰਿਆ। ਥਾਉਂ-ਥਾਈਂ ਸਿੰਘ ਸਥਾਨਕ ਆਗੂਆਂ ਦੀ ਕਮਾਂਡ ਹੇਠ ਜਥੇਬੰਦ ਹੋਣ ਲੱਗ ਪਏ। ਸੰਨ ੧੭੧੦ ਤੋਂ ੧੭੧੬ ਤੱਕ ਦੇ ਲਗਭਗ ਛੇ ਸਾਲਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਾਮਰਾਜ ਨੂੰ ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ। ਖੁਸ਼ਵੰਤ ਸਿੰਘ ਦਾ ਵਿਚਾਰ ਹੈ, ਮੁਗ਼ਲ ਸ਼ਾਸਨ ਨੇ ਸੰਨ ੧੭੧੬ ਤੋਂ ਮਗਰੋਂ ਜਦੋਂ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਪਾਲਿਸੀ ਬਣਾ ਲਈ ਤਾਂ ਸਿੱਖਾਂ ਪਾਸ ਦੋ ਹੀ ਰਸਤੇ ਸਨ; ਜਾਂ ਤਾਂ ਉਹ ਕੇਸ ਕਟਾ ਕੇ ਸਹਿਜਧਾਰੀਆਂ ਵਿਚ ਲੁਪਤ ਹੋ ਜਾਣ, ਜਾਂ ਘਰ-ਬਾਰ ਛੱਡ ਕੇ ਦੇਸ਼ ਅਤੇ ਕੌਮ ਲਈ ਖ਼ਾਲਸਈ ਸਰੂਪ ਵਿਚ ਲੜਦੇ-ਲੜਦੇ ਸ਼ਹੀਦ ਹੋ ਜਾਣ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਦੀ ਪੂਰਤੀ ਲਈ ਖ਼ਾਲਸਾ ਸਰਕਾਰੀ ਜਬਰ ਵਿਰੁੱਧ ਜਥੇਬੰਦ ਹੋਣ ਲੱਗ ਪਿਆ। ਇਉਂ ਖ਼ਾਲਸਾ ਫ਼ੌਜ ਹੌਲੀ-ਹੌਲੀ ਬਣਦੀ ਗਈ, ਜਿਸ ਨੇ ਅਗਲੇ ਪੰਜਾਹ ਸਾਲ ਮੁਗ਼ਲਾਂ ਨਾਲ ਤਕੜਾ ਲੋਹਾ ਲਿਆ। ਇਨ੍ਹਾਂ ਜਥਿਆਂ ਦੇ ਸਮੂਹ ਨੂੰ 'ਸਰਬੱਤ ਖ਼ਾਲਸਾ' ਦਾ ਨਾਮ ਦਿੱਤਾ ਗਿਆ ਅਤੇ ਇਨ੍ਹਾਂ ਵਲੋਂ ਸਰਬ-ਸੰਮਤੀ ਨਾਲ ਪਾਸ ਕੀਤੇ ਜਾਂਦੇ ਮਤਿਆਂ ਨੂੰ 'ਗੁਰਮਤਾ' ਕਿਹਾ ਜਾਂਦਾ ਸੀ, ਜੋ ਸਮੁੱਚੇ ਪੰਥ 'ਤੇ ਲਾਗੂ ਹੁੰਦਾ।

ਭਾਈ ਗੁਰਦਾਸ ਜੀ ਦੀ ਇਹ ਟੂਕ: "ਇਕੁ ਸਿਖੁ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥' (ਵਾਰ ੧੩, ਪਉੜੀ ੧੯) ਦਾ ਸਰਬੱਤ ਖ਼ਾਲਸਾ ਅਤੇ ਗੁਰਮਤੇ ਦੇ ਸਬੰਧ ਵਿਚ ਵੱਡਾ ਮਹੱਤਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਾਇਦ ਇਸੇ ਰਵਾਇਤ ਨੂੰ ਮੁੱਖ ਰੱਖਦਿਆਂ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਿਆਈ ਦੇਣ ਲਈ ਗੁਰ-ਗੱਦੀ ਦੀ ਸੌਂਪਣਾ ਕੀਤੀ, ਉਥੇ ਸਤਿਗੁਰੂ ਜੀ ਨੇ ਖ਼ਾਲਸੇ ਵਿਚ ਆਪ ਹਾਜ਼ਰ ਰਹਿਣ ਦਾ ਸੰਕੇਤ ਵੀ ਦਿੱਤਾ। ਖ਼ਾਲਸਾ ਪੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਰਹਿ ਕੇ ਪੰਥਕ ਹਿੱਤਾਂ ਲਈ ਗੁਰਮਤਿ ਦੀ ਸੇਧ ਲੈਂਦੇ ਹੋਏ ਇਕੱਠੇ ਹੋ ਕੇ ਫ਼ੈਸਲੇ ਲੈਣ ਦਾ ਮਾਰਗ ਦਰਸਾਇਆ। ਚਮਕੌਰ ਦੀ ਗੜ੍ਹੀ ਵਿਚ ਪੰਜਾਂ ਨੇ ਇਕੱਠੇ ਹੋ ਕੇ ਸਤਿਗੁਰਾਂ ਨੂੰ ਜੋ ਹੁਕਮ ਗੜ੍ਹੀ ਛੱਡ ਕੇ ਚਲੇ ਜਾਣ ਲਈ ਦਿੱਤਾ ਸੀ, ਉਹ ਪਹਿਲਾ 'ਗੁਰਮਤਾ' ਸਮਝਿਆ ਜਾ ਸਕਦਾ ਹੈ ਤੇ ਉਨ੍ਹਾਂ ਦੀ ਇਕੱਤਰਤਾ, ਸਮੇਂ ਤੇ ਸਥਾਨ ਮੁਤਾਬਕ 'ਸਰਬੱਤ ਖ਼ਾਲਸਾ' ਹੀ ਸੀ। ਇਸ ਨਵੀਂ ਪਰੰਪਰਾ ਨੇ ਸਤਿਗੁਰਾਂ ਦੀ ਆਪਣੀ ਮੌਜੂਦਗੀ ਵਿਚ ਹੀ ਜਨਮ ਲਿਆ।

"ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥" (ਮਾਝ ਮ. ੪, ਅੰਕ : ੯੪) ਦੀ ਗੁਰਮਤਿ ਸੇਧ ਸਰਬੱਤ ਖ਼ਾਲਸੇ ਦੀ ਇਕੱਤਰਤਾ ਨੂੰ ਰੱਬੀ ਹੁੰਗਾਰਾ ਬਖਸ਼ਦੀ ਹੈ। ਸੰਗਤ ਦੀ ਬੇਨਤੀ 'ਤੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੰਦੂ ਦੀ ਲੜਕੀ ਦਾ ਰਿਸ਼ਤਾ ਮੋੜਿਆ ਸੀ। ਦਸਵੇਂ ਪਾਤਿਸ਼ਾਹ ਨੇ ਖ਼ਾਲਸਾ ਫ਼ੌਜ ਦੇ ਕਹਿਣ 'ਤੇ ਅਨੰਦਪੁਰ ਦਾ ਕਿਲ੍ਹਾ ਛੱਡਿਆ ਸੀ। ਸਤਿਗੁਰੂ ਸਾਹਿਬਾਨ ਸੰਗਤ ਦਾ ਇਤਨਾ ਸਤਿਕਾਰ ਕਰਦੇ ਸਨ। ਗੁਰ ਉਪਦੇਸ਼ ਰਾਹੀਂ ਸਰਬੱਤ ਖ਼ਾਲਸੇ ਲਈ ਸੇਧ ਗੁਰਬਾਣੀ ਵਿਚ ਮੌਜੂਦ ਹੈ :

**ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ ॥**
**ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥** ( ॥੪॥੧॥੧੯॥)
**(ਬਸੰਤੁ ਮ. ੫ ਘਰੁ ੨ ਹਿੰਡੋਲ, ਅੰਕ : ੧੧੮੫)**

ਖ਼ਾਲਸੇ ਨੂੰ ਤਾਕੀਦ ਹੈ, ਹਰਿਨਾਮ ਦੀ ਲਿਵ ਵਿਚ ਜੁੜ ਕੇ ਦੁਬਿਧਾ ਦਵੈਤਾਂ ਨੂੰ ਮਿਟਾ ਕੇ ਇਕ ਥਾਂ 'ਤੇ ਮਿਲ ਬੈਠੋ ਅਤੇ ਸਾਰੇ ਇਕੱਤਰ ਹੋ ਜਾਵੋ।

ਏ.ਸੀ. ਬੈਨਰਜੀ ਆਪਣੀ ਪੁਸਤਕ 'ਦ ਖ਼ਾਲਸਾ ਰਾਜ' ਦੇ ਪੰਨਾ ੩੮ 'ਤੇ ਲਿਖਦਾ ਹੈ ਕਿ ਦਸਵੇਂ ਪਾਤਿਸ਼ਾਹ ਨੇ ਰੂਹਾਨੀ ਗੁਰਤਾ ਦਾ ਦਰਜਾ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਿੱਤਾ ਪਰ ਦੁਨਿਆਵੀ ਅਤੇ ਪੰਥਕ ਹਿੱਤਾਂ ਲਈ ਅਗਵਾਈ ਕਰਨ ਦੀ ਵਾਗਡੋਰ ਖ਼ਾਲਸਾ ਪੰਥ ਨੂੰ ਸੌਂਪੀ। ਇਹੋ ਵਿਚਾਰ ਪ੍ਰਿੰਸੀਪਲ ਤੇਜਾ ਸਿੰਘ ਨੇ ਵੀ ਆਪਣੀ ਪੁਸਤਕ 'ਸਿੱਖਇਜ਼ਮ ਇਟਸ ਆਈਡੀਅਲਜ਼ ਐਂਡ ਇਨਸਟੀਟਿਊਸ਼ਨਜ਼' ਵਿਚ ਪੰਨਾ ੩੨ 'ਤੇ ਦਿੱਤੇ ਹਨ।

ਡਾ. ਗੰਡਾ ਸਿੰਘ ਅਤੇ ਹੋਰ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਠਾਰ੍ਹਵੀਂ ਸਦੀ ਦੇ ਸਰਬੱਤ ਖ਼ਾਲਸਾ ਦਾ ਇਕੱਠ ਆਮ ਤੌਰ 'ਤੇ ਸਾਲ ਵਿਚ ਕੇਵਲ ਦੋ ਵਾਰੀ ਹੁੰਦਾ ਸੀ ਅਤੇ ਉਹ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਖੁੱਲ੍ਹੇ ਵਿਹੜੇ ਵਿਚ।

ਪਰ ਉਨ੍ਹਾਂ ਬਿਖੜੇ ਸਮਿਆਂ ਵਿਚ ਕਈ ਵਾਰੀ ਸਿੰਘਾਂ ਨੇ ਕਿਸੇ ਗੁਪਤ ਥਾਂ 'ਤੇ ਬੈਠ ਕੇ ਕੋਈ 'ਗੁਰਮਤਾ' ਕਰਕੇ ਕਾਰਵਾਈ ਕਰਨੀ ਹੁੰਦੀ ਸੀ, ਜਿਵੇਂ ਕਿ ਮੱਸੇ ਰੰਘੜ ਦਾ ਸਿਰ ਵੱਢਣ ਦਾ ਗੁਰਮਤਾ ਹਾਲਾਤ ਮੁਜਬ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਣਾ ਸੰਭਵ ਨਹੀਂ ਸੀ। ਇਹ ਗੁਰਮਤਾ ਬੀਕਾਨੇਰ ਵਿਖੇ ਕਿਸੇ ਥਾਂ 'ਤੇ ਹੋਇਆ ਤੇ ਦੋ ਸਿੰਘਾਂ- ਭਾਈ ਸੁੱਖਾ ਸਿੰਘ, ਭਾਈ ਮਹਿਤਾਬ ਸਿੰਘ ਨੇ ਮੱਸੇ ਦਾ ਸਿਰ ਵੱਢ ਕੇ ਲਿਆਉਣ ਦੀ ਸੇਵਾ ਆਪਣੇ ਜ਼ਿੰਮੇ ਲਈ। ਹਾਂ, ਜਦੋਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਵਿਚ ਮੁਗ਼ਲ ਸਰਕਾਰ ਵਲੋਂ ਕੋਈ ਰੁਕਾਵਟ ਨਾ ਖੜੀ ਹੁੰਦੀ ਤਾਂ 'ਸਰਬੱਤ ਖ਼ਾਲਸਾ' ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜ਼ਰੂਰ ਇਕੱਤਰ ਹੁੰਦਾ।

ਭਾਈ ਮਨੀ ਸਿੰਘ ਜੀ ਸੰਨ ੧੭੨੧ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਬਣੇ। ਉਸੇ ਸਾਲ ਹੀ ਬੰਦਈ ਖ਼ਾਲਸਾ ਅਤੇ ਤੱਤ ਖ਼ਾਲਸਾ ਵਿਚਕਾਰ ਝਗੜੇ ਦਾ ਨਿਪਟਾਰਾ ਜਿਸ ਤਰੀਕੇ ਨਾਲ ਕੀਤਾ ਗਿਆ, ਇਸ ਗੱਲ ਦਾ ਸੂਚਕ ਹੈ ਕਿ ਸਰਬੱਤ ਖ਼ਾਲਸਾ ਦੀ ਸੰਸਥਾ ਅਜੇ ਬਣੀ ਨਹੀਂ ਸੀ।

ਸੰਨ ੧੭੧੬ ਤੋਂ ੧੭੩੩ ਤੱਕ ਇਨ੍ਹਾਂ ੧੭ ਸਾਲਾਂ ਵਿਚ ਕੌਮ ਨੇ ਖ਼ਾਲਸਾ ਫ਼ੌਜ ਦਾ ਰੂਪ ਧਾਰਨ ਕਰ ਲਿਆ। ਕਈ ਸਿੰਘ, ਜਥੇਬੰਦੀਆਂ ਦੇ ਰੂਪ ਵਿਚ ਇਕੱਠੇ ਹੁੰਦੇ, ਸ੍ਰੀ ਅੰਮ੍ਰਿਤਸਰ ਦੇ ਦਰਸ਼ਨ-ਦੀਦਾਰੇ ਕਰਕੇ ਆਪੋ ਆਪਣੇ ਲੁਕਣ-ਟਿਕਾਣਿਆਂ ਵਿਚ ਪਰਤ ਜਾਂਦੇ।

ਜ਼ਕਰੀਆ ਖ਼ਾਨ ਨੇ ਖ਼ਾਲਸਾ ਫ਼ੌਜਾਂ ਵਲੋਂ ਨਿੱਤ ਸਰਕਾਰੀ ਖਜ਼ਾਨਾ ਲੁੱਟ ਲੈਣ ਅਤੇ ਹੋਰ ਕਈ ਪ੍ਰਕਾਰ ਦਾ ਨੁਕਸਾਨ ਕੀਤੇ ਜਾਣ ਤੋਂ ਛੁਟਕਾਰਾ ਪਾਉਣ ਲਈ ਸੰਨ ੧੭੩੩ ਦੀ ਵਿਸਾਖੀ ਦੇ ਮੌਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਇਕੱਠੀਆਂ ਹੋਈਆਂ ਖ਼ਾਲਸਾ ਫ਼ੌਜਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ। ਸਮੁੱਚੇ ਹਾਜ਼ਰ ਜਥਿਆਂ ਵਲੋਂ ਪ੍ਰਸਪਰ ਵਿਚਾਰ ਪਿੱਛੋਂ ਸਰਬ-ਸੰਮਤੀ ਨਾਲ ਮਤਾ ਪਾਸ ਹੋਇਆ ਕਿ ਨਵਾਬੀ ਲੈ ਲਈ ਜਾਵੇ, ਪਰ ਲੈ ਕੇ ਸੰਤੁਸ਼ਟ ਨਹੀਂ ਹੋ ਜਾਣਾ। ਕਿਉਂਕਿ ਪੂਰਨ ਖ਼ਾਲਸਾ ਰਾਜ ਕੌਮ ਦਾ ਨਿਸ਼ਾਨਾ ਬਣ ਚੁੱਕਾ ਸੀ। ਕੁਝ ਸਮੇਂ ਪਿੱਛੋਂ ਹੀ ਜ਼ਕਰੀਆ ਖ਼ਾਨ ਨੇ ਨਵਾਬੀ ਵਾਪਸ ਲੈ ਲਈ ਅਤੇ ਸ੍ਰੀ ਅੰਮ੍ਰਿਤਸਰ ਸ਼ਹਿਰ 'ਤੇ ਪਹਿਰਾ ਬਿਠਾ ਦਿੱਤਾ, ਜਿਸ ਕਰਕੇ 'ਸਰਬੱਤ ਖ਼ਾਲਸਾ' ਕਾਫ਼ੀ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਇਕੱਤਰ ਨਹੀਂ ਹੋ ਸਕਿਆ। ਭਾਈ ਮਨੀ ਸਿੰਘ ਨੂੰ ਵੀ ਮੁਗ਼ਲ ਸਰਕਾਰ ਨੇ ਧੋਖਾ ਦੇ ਕੇ ਸ਼ਹੀਦ ਕਰ ਦਿੱਤਾ।

'ਸਰਬੱਤ ਖ਼ਾਲਸਾ' ਦੀ ਇਕੱਤਰਤਾ ਦੇ ਅਸਥਾਨ ਬਾਰੇ ਵਿਚਾਰ ਕਰਨਾ ਜ਼ਰੂਰੀ ਜਾਪਦਾ ਹੈ। ਖ਼ਾਲਸੇ ਦੀ ਜਨਮ ਭੂਮੀ ਭਾਵੇਂ ਸ੍ਰੀ ਅਨੰਦਪੁਰ ਸਾਹਿਬ ਹੈ, ਪਰ ਖ਼ਾਲਸੇ ਦਾ ਮੀਰੀ-ਪੀਰੀ ਦਾ ਕੇਂਦਰ ੧੮ਵੀਂ ਸਦੀ ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਸੰਗ-ਸਾਥ ਸ੍ਰੀ ਅਕਾਲ ਤਖ਼ਤ ਸਾਹਿਬ ਹੀ ਰਿਹਾ ਹੈ ਅਤੇ ਅੱਗੋਂ ਵੀ ਇਹੋ ਅਸਥਾਨ ਖ਼ਾਲਸਾ ਜੀ ਦਾ ਕੇਂਦਰੀ ਅਸਥਾਨ ਬਣਿਆ ਰਹੇਗਾ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਗੰਮੀ ਸੂਝ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਸੰਨ ੧੬੦੬ ਤੋਂ ੧੬੦੯ ਦੇ ਵਿਚਕਾਰ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਮਗਰੋਂ, 'ਨਾਨਕ ਨਿਰਮਲ ਪੰਥ' ਵਿਚ ਜੋ ਮਾਨਸਿਕ ਪੀੜਾ ਉੱਠੀ, ਉਸ ਨੂੰ ਨਵੀਂ ਸੇਧ ਅਤੇ ਧਰਵਾਸ ਦੇਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਕੋਠਾ ਸਾਹਿਬ ਦੇ ਨਾਲ ਹੀ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਬਖ਼ਸ਼ਣ ਲਈ ਇਕ ਤਖ਼ਤ ਬਣਵਾਇਆ। ਸਿੱਖ ਸੰਗਤਾਂ ਇਕੱਤਰ ਹੁੰਦੀਆਂ ਅਤੇ ਸਿੱਖਾਂ ਅੰਦਰ ਬੀਰ-ਰਸ ਦਾ ਉਤਸ਼ਾਹ ਭਰਨ ਲਈ ਆਪ ਜੀ ਢਾਡੀਆਂ ਤੋਂ ਵਾਰਾਂ ਸੁਣਿਆ ਕਰਦੇ। ਸੰਨ ੧੬੧੯ ਤੋਂ ੧੬੩੪ ਤੱਕ ਆਪ ਜੀ ਇਸ ਅਸਥਾਨ 'ਤੇ ਬਿਰਾਜੇ, ਪਰ ਆਪ ਜੀ ਦੇ ਕੀਰਤਪੁਰ ਸਾਹਿਬ ਚਲੇ ਜਾਣ ਮਗਰੋਂ, ਸ੍ਰੀ ਅਕਾਲ ਤਖ਼ਤ ਸਾਹਿਬ ਲਗਭਗ ਇਕ ਸਦੀ ਤੱਕ ਮੀਣਿਆਂ ਦੇ ਕਬਜ਼ੇ ਵਿਚ ਰਿਹਾ। ਮੁੜ ਭੀੜਾ ਦੇ ਸਮੇਂ ਖ਼ਾਲਸੇ ਨੇ ਇੱਥੇ ਪੁੱਜ ਕੇ, ਇਸ ਦੀ ਸਾਰ ਸੰਭਾਲ ਕੀਤੀ। ਸੰਨ ੧੭੩੩ ਦਾ ਗੁਰਮਤਾ, ਜਿਸ ਰਾਹੀਂ ਖ਼ਾਲਸੇ ਨੂੰ ਨਵਾਬੀ ਮਿਲੀ, ਉਹ ਇਸੇ ਅਸਥਾਨ 'ਤੇ ਹੀ ਹੋਇਆ ਸੀ। ਅਕਾਲ ਪੁਰਖ ਦੀ ਫ਼ੌਜ ਹੋਣ ਕਾਰਨ ਖ਼ਾਲਸਾ ਜੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਵੱਧ ਹੋਰ ਕਿਹੜਾ ਅਸਥਾਨ ਹੋ ਸਕਦਾ ਸੀ?

**ਪ੍ਰੀਭਾਸ਼ਾ**

ਸਤਿਗੁਰੂ ਸਾਹਿਬਾਨ ਦੇ ਹੁੰਦੇ ਸਰਬੱਤ ਖ਼ਾਲਸਾ ਨਾਮ ਦੀ ਕੋਈ ਸੰਸਥਾ ਨਹੀਂ ਸੀ ਅਤੇ ਸੰਨ ੧੮੦੯ ਦੇ ਆਖ਼ਰੀ ਗੁਰਮਤੇ ਤੋਂ ਮਗਰੋਂ ਫਿਰ ਮੁੜ ਕੇ ਸਰਬੱਤ ਖ਼ਾਲਸੇ ਦੀ ਕੋਈ ਇਕੱਤਰਤਾ ਨਹੀਂ ਹੋਈ। ਸੰਨ ੧੯੮੪ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਭਾਰਤੀ ਫ਼ੌਜ ਵਲੋਂ ਕੀਤੇ ਹਮਲੇ ਕਾਰਨ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਤੋਪਾਂ ਨਾਲ ਉਡਾਇਆ ਗਿਆ ਤਾਂ ਸੁੱਤੀ ਪਈ ਕੌਮ ਨੂੰ 'ਸਰਬੱਤ ਖ਼ਾਲਸਾ' ਦੀ ਸੰਸਥਾ ਦੀ ਲੋੜ ਮਹਿਸੂਸ ਹੋਈ। ਓਦੋਂ ਖਾੜਕੂ ਜਥੇਬੰਦੀਆਂ ਦੀ ਓਟ ਵਿਚ ਮੁੱਖ ਤੌਰ 'ਤੇ ਇਕ ਸੰਪਰਦਾ ਵਲੋਂ ਹੀ 'ਸਰਬੱਤ ਖ਼ਾਲਸਾ' ਦਾ ਇਕੱਠ ਹੋਇਆ, ਪਰ ਇਸ ਇਕੱਠ ਵਿਚ ਪੰਥ ਦੀਆਂ ਸਮੁੱਚੀਆਂ ਸੰਸਥਾਵਾਂ ਨੂੰ ਸ਼ਾਮਲ ਨਾ ਕੀਤੇ ਜਾਣ ਕਾਰਨ, ਇਸ ਵਿਚ ਕੀਤੇ ਫ਼ੈਸਲਿਆਂ ਨੂੰ ਸਮੁੱਚੇ ਪੰਥ ਦੇ ਫ਼ੈਸਲੇ ਨਹੀਂ ਕਿਹਾ ਜਾ ਸਕਦਾ। ਖ਼ਾਸ ਕਰਕੇ ਜਦਕਿ ਇਸ ਵਿਚ ਲਏ ਗਏ ਕੁਝ ਫ਼ੈਸਲੇ ਤਾਂ ਬਿਲਕੁਲ ਹਾਸੋ-ਹੀਣੇ ਸਨ ਜਿਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਭੰਗ ਕੀਤਾ ਜਾਣਾ। ਇੱਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਇਸ ਤੋਂ ਕੁਝ ਚਿਰ ਪਹਿਲਾਂ ਭਾਰਤ ਸਰਕਾਰ ਦੇ ਹੱਥ-ਠੋਕੇ ਸੰਤਾ ਸਿੰਘ ਨਿਹੰਗ ਵਲੋਂ ਵੀ ਸਰਬੱਤ ਖ਼ਾਲਸਾ ਦਾ ਢੌਂਗ ਰਚਿਆ ਗਿਆ ਸੀ, ਜੋ ਸਿੱਖ ਸਿਧਾਂਤ ਅਤੇ ਸਿੱਖ ਕੌਮ ਨਾਲ ਇਕ ਵੱਡਾ ਫ਼ਰਾਡ ਸੀ।

ਇਨ੍ਹਾਂ ਉਪਰੋਕਤ ਵਰਣਿਤ ਅਖੌਤੀ ਸਰਬੱਤ ਖ਼ਾਲਸਾ ਸੰਮੇਲਨਾਂ ਨੇ ਕਈ ਸਿਧਾਂਤਕ ਪ੍ਰਸ਼ਨ ਖੜ੍ਹੇ ਕਰ ਦਿੱਤੇ, ਜਿਵੇਂ ਕਿ :

(ੳ) ਮੌਜੂਦਾ ਹਾਲਾਤ ਵਿਚ ਸਰਬੱਤ ਖ਼ਾਲਸਾ ਦੀ ਸਹੀ ਪ੍ਰੀਭਾਸ਼ਾ ਕੀ ਹੈ?

(ਅ) ਕੀ ਸਰਬੱਤ ਖ਼ਾਲਸਾ ਜ਼ਿੰਮੇਵਾਰ ਪੰਥਕ ਜਥੇਬੰਦੀਆਂ ਦੀ ਇਕੱਤਰਤਾ ਹੈ ਕਿ ਦੇਸ਼-ਵਿਦੇਸ਼ ਵੱਸਦੇ ਸਮੁੱਚੇ ਸਿੱਖ ਜਗਤ ਦੀ?

(ੲ) ਸਰਬੱਤ ਖ਼ਾਲਸਾ ਬੁਲਾਉਣ ਦਾ ਅਧਿਕਾਰ ਕਿਸ ਨੂੰ ਹੈ?

(ਸ) ਕੀ ਕੋਈ ਸਿੱਖ ਜਾਂ ਕੋਈ ਇਕੱਲੀ ਜਥੇਬੰਦੀ ਸਰਬੱਤ ਖ਼ਾਲਸਾ ਬੁਲਾਉਣ ਦੀ ਸਮਰੱਥ ਅਧਿਕਾਰੀ ਹੋ ਸਕਦੀ ਹੈ?

(ਹ) ਸਰਬੱਤ ਖ਼ਾਲਸਾ ਸੰਮੇਲਨ ਵਿਚ ਨਿਰਣੇ ਲੈਣ ਦਾ ਵਿਧੀ-ਵਿਧਾਨ ਕੀ ਹੈ?

(ਕ) ਕੀ ਸਰਬੱਤ ਖ਼ਾਲਸਾ ਸੰਮੇਲਨ ਵਿਚ ਬੋਲਣ ਦਾ ਅਧਿਕਾਰ ਹਰੇਕ ਸਿੱਖ ਮਾਤ੍ਰ ਨੂੰ ਹੈ ਜਾਂ ਕੇਵਲ ਜਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ?

ਕੌਮ ਉੱਤੇ ਆਏ ਭਾਰੀ ਸੰਕਟ ਨੇ 'ਸਰਬੱਤ ਖ਼ਾਲਸਾ' ਨੂੰ ਜਨਮ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੱਲਾਂ ਦੇ ਪ੍ਰਤੀਕਰਮ ਵਜੋਂ ਮੁਗ਼ਲ ਸਰਕਾਰ ਨੇ ਖ਼ਾਲਸਾ ਜੀ ਨੂੰ ਖ਼ਤਮ ਕਰਨ ਦੀ ਠਾਣ ਲਈ ਹੋਈ ਸੀ। ਸਿੰਘਾਂ ਦੇ ਕਤਲੇਆਮ ਦਾ ਦੌਰ ਆਰੰਭ ਹੋਇਆ। ਸੰਨ ੧੭੧੬ ਤੋਂ ੧੭੩੩ ਤੱਕ ਇਹ ਦੌਰ ਚੱਲਿਆ। ਸਰਬੱਤ ਖ਼ਾਲਸਾ ਤੋਂ ਪਹਿਲਾਂ ਨਵਾਬ ਕਪੂਰ ਸਿੰਘ ਨੇ ਸੰਨ ੧੭੩੩ ਵਿਚ ਸਿੱਖ ਫ਼ੌਜ ਨੂੰ 'ਦਲ ਖ਼ਾਲਸਾ' ਦੇ ਰੂਪ ਵਿਚ ਸੰਗਠਨ ਕੀਤਾ ਅਤੇ ੧੭ ਸਾਲਾਂ ਵਿਚ ਬਣ ਚੁੱਕੀਆਂ ਮਿਸਲਾਂ ਨੂੰ ਦੋ ਭਾਗਾਂ ਵਿਚ ਵੰਡਿਆ: ਤਰਨਾ ਦਲ ਅਤੇ ਬੁੱਢਾ ਦਲ। ਤਰਨਾ ਦਲ ਵਿਚ ੫੦

ਸਾਲ ਤੋਂ ਹੇਠਾਂ ਦੀ ਉਮਰ ਦੇ ਸਿੰਘ ਹੁੰਦੇ ਸਨ। ਤਰਨਾ ਦਲ ਦੇ ਜ਼ਿੰਮੇ ਨੌਜਵਾਨਾਂ ਨੂੰ ਸ਼ਸਤਰ-ਸਿਖਲਾਈ ਦੇ ਕੇ ਤਿਆਰ ਕਰਨਾ ਅਤੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਨੀ ਸੀ। ਜੋ ਖ਼ਾਲਸਾ ਸੱਜ ਜਾਂਦਾ, ਉਹ ਹੀ 'ਦਲ ਖ਼ਾਲਸਾ' ਦਾ ਮੈਂਬਰ ਸਮਝਿਆ ਜਾਂਦਾ। ਹਰੀ ਰਾਮ ਗੁਪਤਾ ਨੇ ਆਪਣੀ ਪੁਸਤਕ ਵਿਚ ਇਕ ਥਾਂ ਲਿਖਿਆ ਹੈ ਕਿ ਜੇ ਕੋਈ ਸਹਿਜਧਾਰੀ ਫ਼ੌਜ ਵਿਚ ਭਰਤੀ ਹੋਣ ਲਈ ਆਉਂਦਾ ਤਾਂ ਉਸ ਨੂੰ ਦਾੜ੍ਹੀ ਕੇਸ ਰੱਖਣੇ ਅਤੇ ਭਰਤੀ ਹੋਣ ਤੋਂ ਪਹਿਲਾਂ ਖੰਡੇ ਦੀ ਪਾਹੁਲ ਲੈਣੀ ਲਾਜ਼ਮੀ ਹੁੰਦੀ ਸੀ।

ਅਠ੍ਹਾਰਵੀਂ ਸਦੀ ਦੇ ਪੰਜਾਬ ਦੀ ਕੁੱਲ ਵੱਸੋਂ ਹੈਨਰੀ ਲਾਰੰਸ ਅਨੁਸਾਰ ੧੫ ਲੱਖ ਸੀ। ਸਮਿੱਥ ਦਾ ਅਨੁਮਾਨ ਹੈ ਕਿ ਪੰਜਾਬ ਵਿਚ ਕੁੱਲ ੫੦ ਲੱਖ ਲੋਕ ਵੱਸਦੇ ਸਨ। ਲਾਰੰਸ ਦਾ ਅਨੁਮਾਨ ਹੈ ਕਿ ਸਿੱਖਾਂ ਦੀ ਕੁੱਲ ਗਿਣਤੀ ੮ ਲੱਖ ਦੇ ਲਗਭਗ ਸੀ। ਜੱਟ ਜ਼ਿਮੀਦਾਰਾ ਦੀ ਬਹੁ-ਗਿਣਤੀ ਸੀ। ਦਲ ਖ਼ਾਲਸਾ ਦਾ ਗਠਨ, ਜਿਸ ਤਰ੍ਹਾਂ ਏ.ਸੀ. ਬੈਨਰਜੀ ਅਤੇ ਹਰੀ ਰਾਮ ਗੁਪਤਾ ਦੀ ਰਾਏ ਹੈ, ਖ਼ਾਲਸਾ ਰਾਜ ਕਾਇਮ ਕਰਨ ਲਈ ਹੀ ਬਣਿਆ ਸੀ, ਕਿਉਂਕਿ ਮੁਗ਼ਲ ਸ਼ਾਸਨ ਭ੍ਰਿਸ਼ਟ ਅਤੇ ਰਾਜ-ਗੱਦੀ ਲਈ ਨਿਕੰਮੇ ਵਾਰਸਾਂ ਕਾਰਨ ਦਿਨੋ-ਦਿਨ ਕਮਜ਼ੋਰ ਹੋ ਚੁੱਕਾ ਸੀ ਅਤੇ ਖ਼ਾਲਸਾ ਅਣਖ ਨਾਲ ਜੀਊਣਾ ਲੋੜਦਾ ਹੈ। ਇਹ ਸਭ ਕੁਝ ਖ਼ਾਲਸਾ ਰਾਜ ਦੇ ਕਾਇਮ ਹੋਣ ਨਾਲ ਸੰਭਵ ਸੀ। ਰਾਜ ਕਰਨ ਦਾ ਸੁਆਦ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਪ੍ਰਾਪਤ ਕੀਤੀਆਂ ਜਿੱਤਾਂ ਨੇ ੧੭੧੦-੧੭੧੬ ਵਿਚਕਾਰ ਚਖਾ ਹੀ ਦਿੱਤਾ ਸੀ।

**ਬਣਤਰ ਅਤੇ ਗਠਨ**

ਸਰਬੱਤ ਖ਼ਾਲਸੇ ਦੀ ਬਣਤਰ ਦੇ ਨਿਯਮ ਲਗਭਗ ਉਹੀ ਸਨ ਜਿਹੜੇ ਮਿਸਲਾਂ ਦੀ ਬਣਤਰ ਦੇ। ਕਨਿੰਘਮ ਆਪਣੀ ਪੁਸਤਕ "ਹਿਸਟਰੀ ਆਫ਼ ਦ ਸਿੱਖਸ" ਵਿਚ ਮਿਸਲਾਂ ਦੀ ਬਣਤਰ ਦੇ ਕੁਝ ਆਧਾਰ ਦੱਸਦਾ ਹੈ।

**ਧਾਰਮਿਕ ਮਹੰਤਵਾਦੀ ਗਣਤੰਤਰ**

(ੳ) ਧਾਰਮਿਕ ਇਸ ਲਈ ਕਿਉਂਕਿ ਇਨ੍ਹਾਂ ਦਾ ਇਕੋ ਰੱਬ 'ਤੇ ਨਿਸ਼ਚਾ ਸੀ। ਇਕੋ ਗੁਰੂ ਕੇ ਸਿੱਖ ਸਨ।

(ਅ) ਸਰਬੱਤ ਖ਼ਾਲਸਾ ਮਿਸਲਾਂ ਦੇ ਸਮੂਹ ਨੂੰ ਕਹਿੰਦੇ ਹਨ। ਇਸ ਲਈ ਗਣਤੰਤਰੀ ਹੈ।

(ੲ) ਮਹੰਤਵਾਦੀ ਇਸ ਕਰਕੇ, ਕਿਉਂਕਿ ਮਿਸਲਾਂ ਦੇ ਸਰਦਾਰ ਆਮ ਤੌਰ 'ਤੇ ਵੱਡੇ-ਵੱਡੇ ਜ਼ਿਮੀਦਾਰ ਹੁੰਦੇ ਸਨ, ਜਿਨ੍ਹਾਂ ਦੇ ਅੱਗੋਂ ਮੁਜ਼ਾਰੇ ਅਤੇ ਕਾਮੇ ਹੁੰਦੇ ਸਨ।

ਇਬਸਟਨ ਦਾ ਵਿਚਾਰ ਹੈ ਕਿ ਮਿਸਲਾਂ ਧਾਰਮਿਕ, ਲੋਕਤੰਤਰੀ, ਪਰ ਨਿਰਾਕੁੰਸ਼ ਸਨ। ਇਸ ਵਿਚ ਸ਼ੱਕ ਨਹੀਂ ਕਿ ਲੋਕਤੰਤਰੀ ਅਤੇ ਨਿਰਾਕੁੰਸ਼ ਦੋਵੇਂ ਸ੍ਵੈ-ਵਿਰੋਧੀ ਸਿਧਾਂਤ ਹਨ। ਪਰ ਲੋਕਤੰਤਰ ਤੋਂ ਉਸ ਦਾ ਭਾਵ ਹੈ ਕਿ ਮਿਸਲਾਂ ਵਿਚ ਸ਼ਾਮਲ ਗੁਰਸਿੱਖਾਂ ਲਈ ਖ਼ਾਲਸਈ ਸਮਾਨਤਾ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਸਰਬੱਤ ਖ਼ਾਲਸਾ ਵਿਚ ਵੀ ਸ਼ਾਮਲ ਸਾਰੇ ਮਿਸਲਦਾਰ ਬਰਾਬਰੀ ਦੇ ਆਧਾਰ 'ਤੇ ਸ਼ਾਮਲ ਹੁੰਦੇ ਸਨ। ਕੋਈ ਵੱਡਾ ਜਾਂ ਛੋਟਾ ਨਹੀਂ ਸੀ ਮੰਨਿਆ ਜਾਂਦਾ। ਹਾਂ, ਮਿਸਲਾਂ ਵਿਚ ਤਾਂ ਮਿਸਲ ਦੇ ਸਰਦਾਰ ਦਾ ਨਿਰਾਕੁੰਸ਼ ਹੁਕਮ ਚੱਲਦਾ ਹੀ ਸੀ, ਕਿਉਂਕਿ ਇਸ ਨਾਲ ਹੀ ਜਥੇਬੰਦੀ ਵਿਚ ਅਨੁਸ਼ਾਸਨ (ਜ਼ਬਤ) ਕਾਇਮ ਕੀਤਾ ਜਾ ਸਕਦਾ ਸੀ।

ਸਰਬੱਤ ਖ਼ਾਲਸਾ ਦੇ ਸੰਗਠਨ ਸਬੰਧੀ ਇਕ-ਦੋ ਗੱਲਾਂ ਨੋਟ ਕਰਨ ਵਾਲੀਆਂ ਹਨ; ਕਿ ਇਹ ਸੰਕਟ ਕਾਲ ਦੀ ਉਪਜ ਹੈ। ਇਸ ਲਈ ਸਾਹਮਣੇ ਦੁਸ਼ਮਣ ਦਾ ਟਾਕਰਾ ਕਰਨ ਲਈ ਇਸ ਜਥੇਬੰਦੀ ਵਿਚ ਏਕਤਾ ਦੀ ਸੁਰ ਕਾਫੀ ਉੱਚੀ ਸੀ। 'ਜਮਾਤ ਵਿਚ ਕਰਾਮਾਤ ਹੈ' ਦੀ ਕਹਾਵਤ ਅਨੁਸਾਰ ਸਰਬੱਤ ਖ਼ਾਲਸਾ ਦੇ ਮਿਲ ਕੇ ਚੱਲਣ ਅਤੇ ਵਿਉਂਤਬੱਧ ਤਰੀਕੇ ਨਾਲ ਦੁਸ਼ਮਣ ਦਾ ਟਾਕਰਾ ਕਰਨ ਸਦਕਾ ਖ਼ਾਲਸਾ ਰਾਜ ਕਾਇਮ ਹੋਇਆ। ਪਰ ਜਿਸ ਵੇਲੇ ਦੁਸ਼ਮਣ ਖ਼ਤਮ ਹੋ ਗਿਆ, ਸਰਬੱਤ ਖ਼ਾਲਸਾ ਦੇ ਸੰਗਠਨ ਵਿਚ ਤਰੇੜਾਂ ਪੈਣੀਆਂ ਸ਼ੁਰੂ ਹੋ ਗਈਆਂ। ਹੌਲੀ-ਹੌਲੀ ਮਿਸਲਾਂ ਦਾ ਭੋਗ ਪੈਂਦਾ ਗਿਆ। ਉਨ੍ਹਾਂ ਦੇ ਸਰਦਾਰ ਅਤੇ ਯੋਧੇ ਜੰਗਾਂ-ਯੁੱਧਾਂ ਵਿਚ ਖ਼ਤਮ ਹੁੰਦੇ ਗਏ। ਸਭ ਤੋਂ ਵੱਧ ਸ਼ਕਤੀਸ਼ਾਲੀ ਮਿਸਲ ਕੇਵਲ ਰਣਜੀਤ ਸਿੰਘ ਦੀ ਰਹਿ ਗਈ, ਜਿਸ ਦੀਆਂ ਨੀਤੀਆਂ ਨੇ ਬਾਕੀ ਮਿਸਲਾਂ ਨੂੰ ਖ਼ਤਮ ਕਰਕੇ ਪੰਜਾਬ ਵਿਚ ਖ਼ਾਲਸਾ ਰਾਜ ਕਾਇਮ ਕੀਤਾ, ਜੋ ਅੰਦਰਗਤੀ ਰਣਜੀਤ ਸਿੰਘ ਅਤੇ ਉਸ ਦੇ ਪਰਿਵਾਰ ਦਾ ਹੀ ਰਾਜ ਹੋ ਨਿੱਬੜਿਆ।

ਦੂਜੀ ਗੱਲ ਵੇਖਣ ਵਾਲੀ ਇਹ ਹੈ ਕਿ ਸਰਬੱਤ ਖ਼ਾਲਸਾ ਜਾਂ ਮਿਸਲਾਂ ਵਿਚ ਉਹੀ ਲੋਕ ਭਰਤੀ ਹੋਏ, ਜੋ ਆਮ ਤੌਰ 'ਤੇ ਕਿਰਸਾਨੀ ਕਿੱਤੇ ਨਾਲ ਸਬੰਧਤ ਸਨ। ਸ਼ਹਿਰਾਂ ਦਾ ਵਪਾਰੀ ਵਰਗ ਇਨ੍ਹਾਂ ਵਿਚ ਘੱਟ ਹੀ ਰਲਿਆ। ਜਿਵੇਂ ਏ.ਸੀ. ਬੈਨਰਜੀ ਨੇ ਕਿਹਾ ਹੈ ਕਿ ਕਿਰਸਾਣੀ ਵਰਗ ਸਿੱਖ ਸਿਧਾਂਤਾਂ ਵਿਚ ਅਜੇ ਪੂਰੀ ਤਰ੍ਹਾਂ ਸਿੱਖਿਅਤ ਨਹੀਂ ਸੀ ਹੋਇਆ, ਜਿਸ ਕਰਕੇ ਅਠ੍ਹਾਰਵੀਂ ਅਤੇ ਉਨੀਵੀਂ ਸਦੀ ਵਿਚ ਖ਼ਾਲਸਾ ਬਿਪਰਨ ਕੀ ਰੀਤ ਵੱਲ ਤੁਰ ਪਿਆ ਸੀ। ਜੱਟ-ਭਾਪੇ ਦਾ ਵਿਤਕਰਾ ਉਦੋਂ ਤੋਂ ਹੀ ਚੱਲਿਆ ਲੱਗਦਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰਾਂ ਦੇ ਵਿਆਹ ਅਤੇ ਹੋਰ ਸੰਸਕਾਰ ਬ੍ਰਾਹਮਣੀ ਰੀਤੀ ਅਨੁਸਾਰ ਹੋਏ। ਕੁਝ ਕੁ ਰਾਣੀਆਂ ਵੀ ਰਣਜੀਤ ਸਿੰਘ ਦੀ ਚਿਖਾ ਵਿਚ ਸੜ ਕੇ ਸਤੀ ਹੋ ਗਈਆਂ। ਜਾਤ-ਪਾਤ ਦਾ ਮੁੜ ਕੇ ਬੋਲ-ਬਾਲਾ ਸ਼ਹਿਰੀ ਸਿੱਖਾਂ ਵਿਚ ਜ਼ਿਆਦਾ ਹੋ ਗਿਆ ਸੀ।

ਸਰਬੱਤ ਖ਼ਾਲਸਾ ਸਿੱਖ ਮਿਸਲਾਂ ਦਾ ਇਕ ਆਰਜ਼ੀ ਜਿਹਾ ਥੋੜ੍ਹ-ਚਿਰਾ ਇਕੱਠ ਹੁੰਦਾ ਸੀ, ਜਿਸ ਨੂੰ ਖ਼ਾਲਸੇ ਦੀ ਪਾਰਲੀਮੈਂਟ ਕਿਹਾ ਜਾ ਸਕਦਾ ਹੈ, ਜਿਸ ਦੀ ਇਕੱਤਰਤਾ ਸਾਲ ਵਿਚ ਦੋ ਵਾਰ- ਵਿਸਾਖੀ ਅਤੇ ਦੀਵਾਲੀ ਦੇ ਮੌਕੇ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੁੰਦੀ ਸੀ ਅਤੇ ਇਸ ਵਿਚ ਮਤੇ ਸਰਬਸੰਮਤੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਕੇ ਪ੍ਰਵਾਨ ਕੀਤੇ ਜਾਣ ਕਰਕੇ ਸਭ ਲਈ ਲਾਜ਼ਮੀ ਹੁੰਦੇ ਸਨ। ਸਰਬੱਤ ਖ਼ਾਲਸੇ ਦੀ ਬਣਤਰ ਦਾ ਅੰਦਾਜ਼ਾ ਮਿਸਲ ਦੀ ਬਣਤਰ ਤੋਂ ਲੱਗ ਸਕਦਾ ਹੈ। ਇਨ੍ਹਾਂ ਦੀ ਬਣਤਰ ਬਾਰੇ ਕੁਝ ਅੰਗਰੇਜ਼ ਲਿਖਾਰੀਆਂ ਨੇ ਸੰਕੇਤ ਦਿੱਤੇ ਹੋਏ ਹਨ। ਜਿਵੇਂ ਮੇਜਰ ਐਚ.ਐਮ. ਲਾਰੰਸ, ਜੋ ਬਰਤਾਨੀਆ ਦੀ ਈਸਟ ਇੰਡੀਆ ਕੰਪਨੀ ਵਲੋਂ ਪੰਜਾਬ ਵਿਚ ਪੋਲੀਟੀਕਲ ਏਜੰਟ ਸੀ, ਲਿਖਦਾ ਹੈ ਕਿ ਸਮਾਨਤਾ ਦੇ ਆਧਾਰ 'ਤੇ ਘੋੜ-ਸਵਾਰ ਮਿਸਲ ਵਿਚ ਭਰਤੀ ਹੁੰਦੇ ਸਨ। ਜੇ ਉਹ ਆਪਣੇ ਮਿਸਲਦਾਰ ਤੋਂ ਖ਼ੁਸ਼ ਨਹੀਂ ਹੁੰਦੇ ਸਨ ਤਾਂ ਉਹ ਇਸ ਮਿਸਲ ਨੂੰ ਛੱਡ ਕੇ ਦੂਜੀ ਕਿਸੇ ਮਿਸਲ ਵਿਚ ਜਾ ਸਕਦੇ ਸਨ। ਇਸੇ ਤਰ੍ਹਾਂ ਬੈਰਨ ਚਾਰਲਸ ਹਿਊਗਲ ਨੇ ਰੀਕਾਰਡ ਕੀਤਾ ਹੈ, ਹਰ ਸਵਾਰ ਨੂੰ ਆਪਣੀ ਮਿਸਲ ਜਾਂ ਦਲ ਖ਼ਾਲਸਾ ਵਿਚ ਸਿਆਸੀ, ਧਾਰਮਿਕ ਅਤੇ ਸਮਾਜਿਕ ਸਮਾਨਤਾ ਪ੍ਰਾਪਤ ਸੀ। ਘੋੜ-ਸਵਾਰ ਹੀ ਕਈ ਵਾਰੀ ਆਪਣੀ ਮਿਸਲ ਦੇ ਸਰਦਾਰ ਨੂੰ ਸਰਦਾਰੀ ਬਖ਼ਸ਼ਦੇ। (ਹਰੀ ਰਾਮ ਗੁਪਤਾ, ਜਿਲਦ ੪, ਪੰਨਾ : ੩੫੧)

ਇਉਂ ਸਰਬੱਤ ਖ਼ਾਲਸਾ ਦੀ ਇਕੱਤਰਤਾ ਵਿਚ ਵੀ ਪ੍ਰਸਪਰ ਸਨਮਾਨ ਅਤੇ ਸਮਾਨਤਾ ਹੀ ਆਧਾਰ ਸੀ, ਚਾਹੇ ਕੋਈ ਮਿਸਲ ਵੱਡੀ ਹੈ ਜਾਂ ਛੋਟੀ ਹੈ। ਇਨ੍ਹਾਂ ਵਿਚ ਲੋਕਤੰਤਰੀ ਤੱਤਾਂ ਦੀ ਝਲਕ ਇਸ ਗੱਲ ਤੋਂ ਵੀ ਮਿਲਦੀ ਹੈ ਕਿ ਮਿਸਲ ਦਾ ਮੁਖੀ ਮਿਸਲ ਦੇ ਘੋੜ-ਸਵਾਰਾਂ ਦੁਆਰਾ ਚੁਣਿਆ ਜਾਂਦਾ ਸੀ। ਚੋਣ, ਸਮਾਨਤਾ ਅਤੇ ਉਚ-ਨੀਚ ਦੇ ਵਿਚਾਰ ਤੋਂ ਉਪਰ ਉੱਠ ਕੇ ਸਭ ਦਾ ਸਨਮਾਨ ਹੁੰਦਾ, ਕਿਉਂਕਿ ਸਾਰੇ ਅੰਮ੍ਰਿਤਧਾਰੀ ਸਿੰਘ ਹੁੰਦੇ ਸਨ। ਗੁਰਸਿੱਖਾਂ ਵਾਲਾ ਪ੍ਰਸਪਰ ਪਿਆਰ ਕਾਇਮ ਸੀ।

ਸਰਬੱਤ ਖ਼ਾਲਸਾ ਦੀ ਬਣਤਰ ਦਾ ਦੂਜਾ ਆਧਾਰ ਫ਼ੈਡਰਲ ਕਿਸਮ ਦਾ ਢਾਂਚਾ ਹੈ। ਇਸ ਦੀ ਇਕੱਤਰਤਾ ਵਿਚ ਮਿਸਲਾਂ ਦੇ ਸਰਦਾਰ ਆਪੋ-ਆਪਣੇ ਇਲਾਕੇ ਦੀ ਪ੍ਰਤੀਨਿਧਤਾ ਕਰਦੇ ਹਨ। ਉਹ ਵੀ ਗੁਰਮਤੇ ਵਿਚ ਪੇਸ਼ ਹੋਏ ਮਤਿਆਂ ਉੱਤੇ ਆਪਣੇ ਵਿਚਾਰ ਦਿੰਦੇ ਹੁੰਦੇ ਸਨ। ਸਰਬ-ਸਹਿਮਤੀ ਵਿਚ ਹਰ ਇਕ ਮਿਸਲ ਦਾ ਸਰਦਾਰ ਸ਼ਾਮਲ ਹੁੰਦਾ ਸੀ ਅਤੇ ਇਨ੍ਹਾਂ ਗੁਰਮਤਿਆਂ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਉਹ ਆਪਣਾ ਧਰਮ ਸਮਝਦਾ ਸੀ। ਪਰ ਆਪਣੇ ਖੇਤਰ ਵਿਚ ਉਹ ਸੁਤੰਤਰ ਵੀ ਹੁੰਦੇ ਸਨ। ਸਰਬੱਤ ਖ਼ਾਲਸਾ ਤੋਂ ਪਹਿਲਾਂ ਜਦੋਂ ਨਵਾਬ ਕਪੂਰ ਸਿੰਘ ਨੇ ੧੭੩੩ ਈਸਵੀ ਵਿਚ ਸਮੁੱਚੀ ਸਿੱਖ ਫ਼ੌਜ ਨੂੰ 'ਦਲ ਖ਼ਾਲਸਾ' ਦੇ ਰੂਪ ਵਿਚ ਸੰਗਠਿਤ ਕੀਤਾ ਸੀ ਤਾਂ ਸਿੱਖ ਇਤਿਹਾਸ ਵਿਚ ਇਹ ਇਕ ਬੜੀ ਮਹੱਤਵਪੂਰਨ ਘਟਨਾ ਸੀ, ਕਿਉਂਕਿ ਦਲ ਖ਼ਾਲਸਾ ਅੱਗੋਂ ਚੱਲ ਕੇ ਇਕ ਬੜੀ ਸ਼ਕਤੀਸ਼ਾਲੀ ਧਿਰ ਹੋ ਨਿਬੜੀ, ਜਿਸ ਨੂੰ ਮੁਗ਼ਲਾਂ ਅਤੇ ਅਬਦਾਲੀ ਹਮਲਾਵਰਾਂ ਨੂੰ ਤੀਜੀ ਧਿਰ ਵਜੋਂ ਤਸਲੀਮ ਕਰਨਾ ਪਿਆ। ਮਰਹੱਟੇ ਤਾਂ ਪਾਨੀਪਤ ਵਿਚ ਹਾਰ ਖਾ ਕੇ ਦੱਖਣ ਵੱਲ ਚਲੇ ਗਏ ਸਨ।

ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਪੁਸਤਕ ਬੰਦਾ ਬਹਾਦਰ, ਪੰਨਾ ਨੰਬਰ ੯ ਉੱਤੇ ਠੀਕ ਹੀ ਲਿਖਿਆ ਹੈ ਕਿ ਦਲ ਖ਼ਾਲਸਾ ਦੇ ਫ਼ੌਜੀ ਅਤੇ ਸਰਦਾਰ ਗਰੀਬ ਘਰਾਣਿਆਂ ਵਿਚੋਂ ਖੇਤੀ ਕਰਨ ਵਾਲੇ ਜ਼ਿਮੀਦਾਰ ਸਨ। ਉਨ੍ਹਾਂ ਨੇ ਆਪਣੇ ਸਮੇਂ ਦੇ ਹਾਲਾਤ ਮੁਜਬ ਬਹੁਤ ਵੱਡਾ ਕੰਮ ਕੀਤਾ। ਅਸੀਂ ਉਨ੍ਹਾਂ ਤੋਂ ਇਹ ਆਸ ਨਹੀਂ ਰੱਖ ਸਕਦੇ ਕਿ ਉਹ ਆਪਣਾ ਸੰਵਿਧਾਨ ਬਣਾਉਂਦੇ। ਉਨ੍ਹਾਂ ਨੇ ਇਕ ਸਾਦਾ ਜਿਹਾ ਸਿਸਟਮ ਆਪ ਹੀ ਬਣਾ ਲਿਆ, ਜਿਸ ਨੂੰ ਉਨ੍ਹਾਂ ਸਰਬੱਤ ਖ਼ਾਲਸੇ ਦਾ ਨਾਮ ਦਿੱਤਾ। ਹਾਂ! ਜੇਕਰ ਅੱਜ ਦੇ ਸਮੇਂ ਸਰਬੱਤ ਖ਼ਾਲਸਾ ਮੁੜ ਕੇ ਸੁਰਜੀਤ ਕਰਨਾ ਪਿਆ ਤਾਂ ਇਤਿਹਾਸ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਾਥੋਂ ਇਹ ਆਸ ਜ਼ਰੂਰ ਕਰਨਗੀਆਂ ਕਿ ਮਾਡਰਨ ਸਿੱਖ ਤਾਂ ਪੜ੍ਹੇ-ਲਿਖੇ ਸਨ, ਉਨ੍ਹਾਂ ਨੂੰ ਲੋੜੀਂਦਾ ਸੰਵਿਧਾਨ ਜ਼ਰੂਰ ਬਣਾਉਣਾ ਚਾਹੀਦਾ ਸੀ। ਜੇ ਅਸੀਂ ਕੋਈ ਸੰਵਿਧਾਨ ਤੋਂ ਬਿਨਾਂ ਸਰਬੱਤ ਖ਼ਾਲਸਾ ਬਣਾਇਆ ਤਦ ਉਹ ਨਿਸ਼ਚੇ ਹੀ ਸਫ਼ਲ ਨਹੀਂ ਹੋ ਸਕੇਗਾ।

ਸਰਬੱਤ ਖ਼ਾਲਸਾ ਦੀ ਬਣਤਰ ਨੂੰ ਜਿੱਥੇ ਸਾਂਝੇ ਦੁਸ਼ਮਣ ਦੇ ਖ਼ਤਰੇ ਨੇ ਪ੍ਰਸਪਰ ਇਤਫ਼ਾਕ ਬਖ਼ਸ਼ਿਆ ਉਥੇ ਇਕ ਹੋਰ ਜਜ਼ਬੇ ਨੇ ਕੌਮ ਦੀ ਏਕਤਾ ਅਤੇ ਅਖੰਡਤਾ ਬਣਾਈ ਰੱਖੀ। ਇਹ ਜਜ਼ਬਾ ਗੁਰੂ ਦੇ ਪਿਆਰ ਅਤੇ ਭੈ-ਭਾਵਨੀ ਵਿਚੋਂ ਪੈਦਾ ਹੋਇਆ ਸੀ। ਗੁਰੂ ਦੇ ਪੰਥ ਨੂੰ ਉਨ੍ਹਾਂ ਅੰਦਰ ਸਦਾ ਚੜ੍ਹਦੀਆਂ ਕਲਾ ਵਿਚ ਰੱਖਣ ਦਾ ਅਤੇ ਵੇਖਣ ਦਾ ਚਾਉ ਸੀ। ਗੁਰੂ ਤੋਂ ਨਿਛਾਵਰ ਹੋਣ ਦਾ, ਗੁਰੂ ਦੇ ਪੰਥ ਤੋਂ ਕੁਰਬਾਨ ਹੋਣ ਦਾ ਜੋ ਜਜ਼ਬਾ ਅਠ੍ਹਾਰਵੀਂ ਸਦੀ ਦੇ ਸਰਬੱਤ ਖ਼ਾਲਸਾ ਵਿਚ ਸੀ, ਉਹ ਆਪਣੀ ਮਿਸਾਲ ਆਪ ਹੀ ਸੀ। ਅੰਗਰੇਜ਼ ਅਤੇ ਮੁਸਲਮਾਨ ਇਤਿਹਾਸਕਾਰਾਂ ਨੇ ਆਪਣੀਆਂ ਲਿਖਤਾਂ ਵਿਚ ਅੰਕਿਤ ਕੀਤਾ ਹੈ ਕਿ ਖ਼ਾਲਸਾ ਫ਼ੌਜਾਂ ਦੀ ਭਾਵੇਂ ਗਿਣਤੀ ਥੋੜ੍ਹੀ ਹੁੰਦੀ ਸੀ, ਪਰ ਇਨ੍ਹਾਂ ਨੇ ਜਿਵੇਂ ਵੱਡੇ-ਵੱਡੇ ਲਸ਼ਕਰਾਂ ਦਾ ਤਕੜਾ ਮੁਕਾਬਲਾ ਕਰਕੇ ਖ਼ਾਲਸਾ ਰਾਜ ਸਥਾਪਤ ਕੀਤਾ, ਇਹ ਅੱਜ ਸਾਨੂੰ ਅਤੇ ਹਰੀ ਰਾਮ ਗੁਪਤਾ ਵਰਗੇ ਇਤਿਹਾਸਕਾਰਾਂ ਨੂੰ ਕਰਾਮਾਤ ਲੱਗਦੀ ਹੈ। ਗੁਰੂ ਦੀ ਪ੍ਰਤੱਖ ਕਲਾ ਦਾ ਕ੍ਰਿਸ਼ਮਾ ਹੈ। ਅੱਜ ਦੇ ਖ਼ਾਲਸੇ ਵਿਚ ਉਹ ਸਪਿਰਟ, ਉਹ ਕੌਮੀ ਏਕਤਾ ਲਈ ਜਜ਼ਬਾ, ਪਤਾ ਨਹੀਂ ਕਿੱਥੇ ਅਲੋਪ ਹੋ ਗਿਆ ਹੈ? ਇਸ ਦੀ ਥਾਂ ਸਿਆਸੀ ਚਤੁਰਾਈਆਂ, ਨਿੱਜੀ ਸੁਆਰਥ ਲਈ ਕੌਮ ਨਾਲ ਗ਼ੱਦਾਰੀ ਦਾ ਚਸਕਾ ਜਿਹਾ ਪੈ ਗਿਆ ਲਗਦਾ ਹੈ। ਅਸੀਂ ਅਠ੍ਹਾਰਵੀਂ ਸਦੀ ਦੇ ਸਿੰਘਾਂ ਨੂੰ ਆਪਣੀਆਂ ਚਤੁਰਾਈਆਂ ਦੇ ਮੁਕਾਬਲੇ ਘਟੀਆ ਸਮਝਦੇ ਹੋਈਏ, ਪਰ ਉਨ੍ਹਾਂ ਯੋਧਿਆਂ ਨੇ ਬਿਖੜੇ ਸਮਿਆਂ ਵਿਚ ਆਪਣਾ ਅਤੇ ਕੌਮ ਦਾ ਸਿਰ ਉੱਚਾ ਰੱਖਿਆ, ਇਹ ਸਾਧਾਰਨ ਗੱਲ ਨਹੀਂ।

ਦੋ ਦਹਾਕੇ ਪਹਿਲਾਂ ੧੯੮੨ ਵਿਚ ਵੀਹਵੀਂ ਸਦੀ ਦੇ ਸਿੰਘਾਂ ਨੇ ਵੀ ਧਰਮ-ਯੁੱਧ ਮੋਰਚਾ ਅਰੰਭਿਆ ਸੀ। ਲੋੜੀਂਦੇ ਕੌਮੀ ਜਜ਼ਬੇ ਦੀ ਅਣਹੋਂਦ ਨੇ ਪੰਥ ਨੂੰ ਟੋਟੇ-ਟੋਟੇ ਕਰਕੇ ਰੱਖ ਦਿੱਤਾ। ਕੌਮ ਦਾ ਸਿਰ ਸਾਰੇ ਸੰਸਾਰ ਵਿਚ ਨੀਵਾਂ ਹੋਇਆ। ਸ਼ਹੀਦੀਆਂ ਵੀ ਵਿਅਰਥ ਗਈਆਂ। ਡਰ ਲੱਗਦੈ ਕਹਿੰਦਿਆਂ, ਜੇ ਅੱਜ ਅਸੀਂ ਮੁੜ ਕੇ ਸਰਬੱਤ ਖ਼ਾਲਸਾ ਉਜਾਗਰ ਕਰਨ ਦਾ ਫ਼ੈਸਲਾ ਵੀ ਕਰ ਲਈਏ, ਸਿਵਾਏ ਜੱਗ-ਹਸਾਈ ਦੇ ਕੋਈ ਪ੍ਰਾਪਤੀ ਹੋਣੀ ਸੰਭਵ ਨਹੀਂ ਲੱਗਦੀ। ਇੰਨੀ ਮਾਰ ਖਾ ਕੇ ਵੀ ਸਾਡੇ ਕਿੰਨੇ ਧੜ੍ਹੇ ਬਣੇ ਹੋਏ ਹਨ? ਏਕਤਾ ਦੀ ਗੱਲ ਤੋਰ ਕੇ ਵੇਖ ਲਉ, ਨਿੱਜੀ ਸੁਆਰਥ ਛੱਡਣ ਨੂੰ ਕੋਈ ਤਿਆਰ ਨਹੀਂ।

ਡਾ. ਗੁਪਾਲ ਸਿੰਘ ਆਪਣੀ ਪੁਸਤਕ "ਦੀ ਹਿਸਟਰੀ ਆਫ਼ ਦੀ ਸਿੱਖ ਪਿਊਪਲ ੧੪੬੯-੧੯੭੮" ਵਿਚ ਪੰਨਾ ਨੰਬਰ ੩੯੫-੯੬ 'ਤੇ ਲਿਖਦਾ ਹੈ, ਸਮੁੱਚੇ ੧੨ ਮਿਸਲਾਂ ਦੇ ਸਿਰ 'ਤੇ ਦਲ ਖ਼ਾਲਸਾ ਦਾ ਜਥੇਦਾਰ ਹੁੰਦਾ। ਉਹ ਹੀ ਗੁਰੀਲਾ ਖ਼ਾਲਸਾ ਸਰਕਾਰ ਦਾ ਮੁਖੀ ਹੁੰਦਾ ਸੀ ਅਤੇ ਉਹ ਧਾਰਮਿਕ ਮਸਲਿਆਂ ਦੀ ਅਗਵਾਈ ਦੇਣ ਲਈ ਵੀ ਮੁਖੀ ਸੀ। ਇਹ ਉਸ ਦਾ ਫ਼ਰਜ਼ ਹੁੰਦਾ ਸੀ ਕਿ ਉਹ ਸਰਬੱਤ ਖ਼ਾਲਸਾ ਦੀਆਂ ਫ਼ੌਜਾਂ ਵਿਚ ਸਿੱਖ ਰਹਿਤ ਮਰਿਯਾਦਾ 'ਤੇ ਪਹਿਰਾ ਦੇਵੇ ਅਤੇ ਸਿੱਖ ਧਰਮ ਦੇ ਪ੍ਰਚਾਰ ਵੱਲ ਵਿਸ਼ੇਸ਼ ਧਿਆਨ ਦੇਵੇ। ਮਿਸਲਾਂ ਦੇ ਜੋ ਜਥੇਦਾਰ ਕਿਸੇ ਕਿਸਮ ਦੀ ਧਾਰਮਿਕ ਅਸੂਲਾਂ ਦੀ ਉਲੰਘਣਾ ਕਰਦੇ, ਉਨ੍ਹਾਂ ਤੋਂ ਸਰਬੱਤ ਖ਼ਾਲਸੇ ਦੀਆਂ ਇਕੱਤਰਤਾਵਾਂ ਵਿਚ ਪੁੱਛ-ਪੜਤਾਲ ਕਰਕੇ ਤਨਖਾਹ ਲਗਾਈ ਜਾਂਦੀ। ਇੰਜ ਸਮੁੱਚੀ ਕੌਮ ਦਾ ਇਕ ਆਗੂ ਹੁੰਦਾ ਸੀ। ਸਾਡੇ ਸਾਹਮਣੇ ਨਵਾਬ ਕਪੂਰ ਸਿੰਘ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀਆਂ ਸ਼ਾਨਦਾਰ ਰਵਾਇਤਾਂ ਹਨ। ਕਿਸੇ ਸੰਸਥਾ ਦੀ ਬਣਤਰ ਅਤੇ ਸੰਗਠਨ, ਉਸ ਦੇ ਆਸ਼ੇ, ਮਨੋਰਥ ਦਰਸਾਏ ਬਿਨਾਂ ਉੱਕਾ ਬੇਅਰਥ ਜਿਹੇ ਲੱਗਦੇ ਹਨ। ਗੁਰਮਤਿ ਸਿਧਾਂਤਾਂ ਦੀ ਸੇਧ ਸਾਡੀ ਬਜ਼ੁਰਗ ਲੀਡਰਸ਼ਿਪ ਦੇ ਸਾਹਮਣੇ ਸੀ। ਸਰਬੱਤ ਖ਼ਾਲਸਾ ਭਾਵੇਂ ਖ਼ਾਲਸਾ ਪੰਥ ਦੀ ਪਾਰਲੀਮੈਂਟ ਸੀ ਪਰ ਉਨ੍ਹਾਂ ਨੇ ਜੋ ਗੁਰਮਤੇ ਕੀਤੇ ਉਨ੍ਹਾਂ ਵਿਚੋਂ ਸਰਬੱਤ ਦੇ ਭਲੇ ਦੀ ਝਲਕ ਵੀ ਮਿਲਦੀ ਹੈ, ਜਿਸ ਵਿਚ ਸਮੁੱਚਾ ਸਿੱਖ ਸਮਾਜ ਅਤੇ ਗੈਰ-ਸਿੱਖ ਸਮਾਜ ਵੀ ਆ ਜਾਂਦਾ ਹੈ। ਮਿਸਾਲ ਵਜੋਂ ਸਿੱਖ ਮਿਸਲਾਂ ਨੇ 'ਰਾਖੀ-ਸਿਸਟਮ' ਲਾਗੂ ਕਰਕੇ, ਜਾਤ, ਧਰਮ ਦੇ ਵਖਰੇਵੇਂ ਤੋਂ ਉੱਪਰ ਉੱਠ ਕੇ, ਆਪਣੇ ਇਲਾਕੇ ਵਿਚ ਇਕ ਪ੍ਰਕਾਰ ਦੀ ਸਮਾਨਾਂਤਰ ਸਰਕਾਰ ਕਾਇਮ ਕਰਕੇ, ਆਪਣੇ ਇਲਾਕੇ ਦੀ ਸਰਬੱਤ ਮਨੁੱਖਤਾ ਦੀ ਅਬਦਾਲੀ ਅਤੇ ਮੁਗ਼ਲਾਂ ਦੇ ਨਿੱਤ ਦੇ ਅੱਤਿਆਚਾਰਾਂ ਤੋਂ ਰਾਖੀ ਕੀਤੀ।

ਸਰਬੱਤ ਖ਼ਾਲਸਾ ਦੇ ਇਕ ਇਕੱਠ ਵਿਚ ਇਕ ਬ੍ਰਾਹਮਣ ਜਦੋਂ ਫ਼ਰਿਆਦ ਲੈ ਕੇ ਪੁੱਜਾ ਤਾਂ ਭੰਗੀ ਮਿਸਲ ਨੇ ਕਸੂਰ ਦੇ ਨਵਾਬ ਤੋਂ ਉਸ ਦੀ ਨਵ-ਵਿਆਹੀ ਪਤਨੀ ਨੂੰ ਛੁਡਾਉਣ ਦਾ ਜ਼ਿੰਮਾ ਲਿਆ ਅਤੇ ਸਿੰਘਾਂ ਨੇ ਬਿਨਾਂ ਲੰਗਰ ਛਕੇ ਦੇ ਕੂਚ ਕਰ ਦਿੱਤਾ ਤੇ ਕਸੂਰ ਦੇ ਨਵਾਬ ਨਾਲ ਦੋ ਹੱਥ ਕਰਕੇ ਬ੍ਰਾਹਮਣੀ ਨੂੰ ਉਸ ਦੇ ਹਰਮ ਵਿਚੋਂ ਸੁਰੱਖਿਅਤ ਵਾਪਸ ਲਿਆ ਕੇ ਉਸ ਦੇ ਪਤੀ ਹਵਾਲੇ ਕੀਤਾ। ਇਸੇ ਤਰ੍ਹਾਂ ਸੰਨ ੧੭੫੭ ਵਿਚ ਅਬਦਾਲੀ ਦੇ ਇਕ ਹਮਲੇ ਸਮੇਂ ਸਿੱਖਾਂ ਨੇ ੩੦ ਹਜ਼ਾਰ ਹਿੰਦੂ, ਮੁਸਲਮਾਨ ਔਰਤਾਂ ਨੂੰ ਅਬਦਾਲੀ ਦੇ ਕਾਫ਼ਲੇ ਤੋਂ ਛੁਡਾ ਕੇ ਘਰੋ-ਘਰੀ ਪਹੁੰਚਾਇਆ, ਭਾਵੇਂ ਇੰਜ ਕਰਨ ਵਿਚ ਉਨ੍ਹਾਂ ਨੂੰ ਅਬਦਾਲੀ ਦੇ ਗੁੱਸੇ ਦਾ ਸੰਨ ੧੭੬੨ ਵਿਚ ਵੱਡੇ ਘੱਲੂਘਾਰੇ ਦਾ ਸ਼ਿਕਾਰ ਹੋਣਾ ਪਿਆ। ਇਥੋਂ 'ਸਰਬੱਤ ਖ਼ਾਲਸਾ' ਦੇ ਸਰਬੱਤ ਦੇ ਭਲੇ ਦੀ ਸਪਿਰਟ ਦੇ ਦਰਸ਼ਨ ਹੁੰਦੇ ਹਨ। ▪▪

# ਊਹਾਂ ਖੈਰਿ ਸਦਾ ਮੇਰੇ ਭਾਈ

**ਐਡਵੋਕੇਟ ਜਸਪਾਲ ਸਿੰਘ ਮੰਝਪੁਰ**

ਆਓ ! ਆਪਾਂ ਗੁਰਬਾਣੀ ਦੇ ਫ਼ਰਮਾਣਾਂ ਦੀ ਰੌਸ਼ਨੀ ਵਿਚ ਵਿਚਾਰੀਏ ਕਿ ਜਿਸ ਰਾਜ-ਪ੍ਰਬੰਧ ਵਿਚ ਅਸੀਂ ਰਹਿ ਰਹੇ ਹਾਂ ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਸਿਧਾਂਤਾਂ ਮੁਤਾਬਕ ਹੈ ਜਾਂ ਨਹੀਂ। ਕੀ ਇਥੇ ਸਭ ਨੂੰ ਨਿਆਂ ਮਿਲ ਰਿਹਾ ਹੈ ? ਕੀ ਖਲਕਤ ਸੁਖੀ ਵੱਸ ਰਹੀ ਹੈ ? ਕੀ ਲਾਗੂ ਕੀਤੇ ਜਾਂਦੇ ਕਾਨੂੰਨ ਸਭ ਲਈ ਇਕ ਸਮਾਨ ਹਨ ? ਕੀ ਸਿੱਖਿਆ ਤੇ ਸਿਹਤ ਸਹੂਲਤਾਂ ਸਭ ਨੂੰ ਇਕ-ਸਮਾਨ ਪ੍ਰਾਪਤ ਹੋ ਰਹੀਆਂ ਹਨ ? ਕੀ ਹੱਕਦਾਰ ਨੂੰ ਉਸ ਦਾ ਹੱਕ ਮਿਲ ਰਿਹਾ ਹੈ ? ਹਰੇਕ ਦਾਨਸ਼ਮੰਦ ਵਿਅਕਤੀ ਇਨ੍ਹਾਂ ਸਭ ਸਵਾਲਾਂ ਦਾ ਜਵਾਬ ਨਾਂਹ ਵਿਚ ਦੇਵੇਗਾ।ਤਾਂ ਫਿਰ ਆਪਾਂ ਅਜਿਹੇ ਰਾਜ-ਪ੍ਰਬੰਧ ਵਿਚ ਕਿਉਂ ਰਹਿ ਰਹੇ ਹਾਂ। ਇਸ ਖਿਲਾਫ਼ ਜੇਕਰ ਵਿਦਰੋਹ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਦਾ ਵਿਰੋਧ ਤਾਂ ਕਰੀਏ। ਸਾਡਾ ਫ਼ਰਜ਼ ਬਣਦਾ ਹੈ ਕਿ ਗੁਰਮਤਿ ਸਿਧਾਂਤਾਂ ਮੁਤਾਬਕ ਹਲੇਮੀ ਰਾਜ ਦੀ ਸਥਾਪਤੀ ਲਈ ਲਾਮਬੰਦ ਹੋਈਏ ਤਾਂ ਜੋ ਸਥਾਪਤ ਕੂੜ ਪ੍ਰਬੰਧਾਂ ਵਿਚ ਤਪਦੀ ਲੋਕਾਈ ਨੂੰ ਠਾਰਿਆ ਜਾ ਸਕੇ।

ਗੁਰਮਤਿ ਦੇ ਮਾਰਗ ’ਤੇ ਚੱਲਦਿਆਂ ਰੂਹਾਨੀ ਤੇ ਸੰਸਾਰੀ ਤਜ਼ਰਬਿਆਂ ਨਾਲ ਲਬਰੇਜ਼ ਹੋ ਕੇ ਮਨੁੱਖ ਅਕਾਲ ਪੁਰਖ ਦੀ ਸਾਜੀ ਹਰ ਸ਼ੈਅ, ਉਸ ਦਾ ਮੰਤਵ ਤੇ ਉਸ ਦੇ ਹਰ ਪੱਖ ਤੋਂ ਭਲੀ-ਭਾਂਤ ਜਾਣੂ ਹੋਣ ਲੱਗਦਾ ਹੈ। ਦਸਵੇਂ ਨਾਨਕ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਅਕਾਲ ਪੁਰਖ ਕੀ ਫ਼ੌਜ ਖ਼ਾਲਸਾ ਨੂੰ ਸੰਸਾਰ ਸਾਹਮਣੇ ਪ੍ਰਗਟ ਕੀਤਾ ਤਾਂ ਉਨ੍ਹਾਂ ਖ਼ਾਲਸੇ ਦਾ ਧਰਮ-ਨਾਸ਼, ਕਰਮ-ਨਾਸ਼, ਕੁਲ-ਨਾਸ਼ ਤੇ ਕਿਰਤ ਨਾਸ਼ ਕਰ ਦਿੱਤਾ ਤੇ ਕਿਹਾ ਕਿ ਖ਼ਾਲਸਾ ਸਿੱਧੇ ਰੂਪ ਵਿਚ ਅਕਾਲ ਪੁਰਖ ਦੇ ਅਨੁਸਾਰੀ ਹੋਵੇਗਾ ਤੇ ਅਕਾਲ ਪੁਰਖ ਵਲੋਂ ਸਾਜੀ ਖਲਕਤ ਨੂੰ ਨਾ-ਸਿਰਫ਼ ਸੱਚ ਦੇ ਮਾਰਗ ਬਾਰੇ ਦੱਸੇਗਾ ਸਗੋਂ ਉਸ ਤੋਂ ਪਹਿਲਾਂ ਉਸ ਮਾਰਗ ਉੱਤੇ ਆਪ ਚੱਲਣ ਦੀ ਜ਼ਿੰਮੇਵਾਰੀ ਆਇਦ ਕੀਤੀ। ਗੁਰੂ ਸਾਹਿਬ ਜਦੋਂ ਇਹ ਸਭ ਖ਼ਾਲਸੇ ਨੂੰ ਦਰਸਾ ਰਹੇ ਸਨ ਤਾਂ ਉਹ ਆਪ ਵੀ ਇਸ ਸੱਚ ਦੇ ਮਾਰਗ ਉੱਤੇ ਪਿਛਲੇ ਨੌਂ ਜਾਮਿਆਂ ਵਿਚ ਚੱਲਦੇ ਰਹੇ ਸਨ ਤੇ ਦਸਵੇਂ ਜਾਮੇ ਵਿਚ ਉਨ੍ਹਾਂ ਨੇ ਖ਼ਾਲਸਾ ਪ੍ਰਗਟ ਕਰਨ ਤੋਂ ਬਾਅਦ ਪੰਜ ਪਿਆਰਿਆਂ ਅੱਗੇ ਆਪ ਵੀ ਸੱਚ ਲਈ ਆਪਣੇ ਸਰਬੰਸ ਨੂੰ ਵਾਰਨ ਦਾ ਅਹਿਦ ਕੀਤਾ ਤੇ ਆਪਣੇ ਨਾਦੀ ਪੁੱਤਰ ਖ਼ਾਲਸੇ ਨੂੰ ਆਪਣੇ ਬਿੰਦੀ ਪੁੱਤਰਾਂ ਤੋਂ ਵੀ ਵੱਧ ਪਿਆਰ ਦਿੱਤਾ ਤੇ ਚਮਕੌਰ ਦੀ ਗੜ੍ਹੀ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਦੀ ਦੇਹ ਉਪਰ ਖੱਫ਼ਣ ਨਾ ਪਾ ਕੇ ਦਰਸਾ ਦਿੱਤਾ ਕਿ ਮੇਰੇ ਲਈ ਚਾਰ ਤੇ ਹਜ਼ਾਰ ਇਕ ਸਮਾਨ ਹਨ।

ਖ਼ਾਲਸੇ ਦਾ ਸਬੰਧ ਅਕਾਲ ਪੁਰਖ ਨਾਲ ਸਿੱਧਾ ਹੋਣ ਦੇ ਕਾਰਨ, ਉਸ ਦਾ ਵੀ ਸਬੰਧ ਸਿੱਧੇ ਰੂਪ ਵਿਚ ਹਰ ਉਸ ਥਾਂ ਨਾਲ ਹੈ ਜਿੱਥੇ ਅਕਾਲ ਪੁਰਖ ਦੀ ਖਲਕਤ ਵੱਸਦੀ ਹੈ, ਖ਼ਾਲਸਾ ਕਿਸੇ ਖਾਸ ਥਾਂ, ਵੱਸੋਂ ਜਾਂ ਇਲਾਕੇ ਵਿਚ ਸੀਮਤ ਨਹੀਂ ਹੋ ਸਕਦਾ। ਖ਼ਾਲਸਾ ਅਕਾਲ ਪੁਰਖ ਦੀਆਂ ਡੂੰਘੀਆਂ ਰਮਜ਼ਾਂ ਦਾ ਸਭ ਤੋਂ ਨੇੜਲਾ ਗਵਾਹ ਹੈ, ਉਸ ਨੂੰ ਅਕਾਲ ਪੁਰਖ ਨੇ ਆਪ ਹੀ ਸੋਝੀ ਬਖ਼ਸ਼ੀ ਹੈ ਕਿਉਂਕਿ ਖ਼ਾਲਸਾ ਆਪਣੇ ਲਈ ਨਹੀਂ ਸਗੋਂ ਅਕਾਲ ਪੁਰਖ ਦੀ ਸਾਜੀ ਕਾਇਨਾਤ ਲਈ ਸਵਾਸ-ਸਵਾਸ ਬੰਦਗੀ ਕਰਦਾ ਹੈ। ਖ਼ਾਲਸਾ ਗਿਣਤੀਆਂ-ਮਿਣਤੀਆਂ ਦੇ ਪ੍ਰਭਾਵ ਤੋਂ ਵੀ ਮੁਕਤ ਹੈ ਕਿਉਂਕਿ ਗਿਣਤੀਆਂ-ਮਿਣਤੀਆਂ ਅਕਾਲ ਪੁਰਖ ਦੀ ਦੋਮ ਰਚਨਾ ਹੈ ਤੇ ਖ਼ਾਲਸਾ ਤਾਂ ਅੱਵਲ ਹੈ।

ਮਨੁੱਖ ਨੇ ਆਪਣੀ ਸਹੂਲਤ ਲਈ ਧਰਤੀ ਨੂੰ ਕਈ ਭਾਗਾਂ ਵਿਚ ਵੰਡ ਲਿਆ ਤੇ ਇਸ ਵਿਚ ਲਕੀਰਾਂ ਖਿੱਚ ਲਈਆਂ ਤੇ ਦਵੈਸ਼ ਦੇ ਅਧੀਨ ਹੋ ਕੇ ਆਪਸ ਵਿਚ ਲੜਨ ਲੱਗ ਪਿਆ। ਖ਼ਾਲਸੇ ਨੇ ਸਰਬੱਤ ਦੇ ਭਲੇ ਲਈ ਦੇਗ਼ ਅਤੇ ਤੇਗ਼ ਦੋਵਾਂ ਨੂੰ ਫ਼ਤਹਿ ਕੀਤਾ। ਖ਼ਾਲਸੇ ਦੀ ਤੇਗ਼ ਵੀ ਦੇਗ਼ ਵਾਂਗ ਸੇਵਾ ਲਈ ਹੀ ਚੱਲਦੀ ਹੈ। ਜ਼ਾਲਮ ਹਮੇਸ਼ਾ ਖ਼ਾਲਸੇ ਦੇ ਭੈਅ ਅਧੀਨ ਰਹਿੰਦਾ ਹੈ ਕਿਉਂਕਿ ਖ਼ਾਲਸਾ ਜਿੱਥੇ ਨਿਰਵੈਰ ਹੈ ਉੱਥੇ ਨਿਰਭਓ ਵੀ ਹੈ। ਖ਼ਾਲਸਾ ਨਾ ਕਿਸੇ ਨੂੰ ਭੈਅ ਦਿੰਦਾ ਹੈ ਅਤੇ ਨਾ ਹੀ ਕਿਸੇ ਹੋਰ ਦਾ ਭੈਅ ਮੰਨ ਕੇ ਡਰਦਾ ਹੈ, ਉਹ ਕੇਵਲ ਅਕਾਲ ਪੁਰਖ ਦੇ ਭੈਅ-ਭਾਓ ਵਿਚ ਹੀ ਹੈ ਕਿਉਂਕਿ ਅਕਾਲ ਪੁਰਖ ਆਨ ਨਹੀਂ ਹੈ ਉਹ ਤਾਂ ਆਪਣਾ ਹੈ, ਭਾਵ ਕਿ ਖ਼ਾਲਸਾ ਆਪਣੇ, ਜੋ ਅਕਾਲ ਪੁਰਖ ਦੇ ਹੋ ਗਏ ਹਨ, ਉਹ ਆਪਣੇ, ਜੋ ਅਕਾਲ ਪੁਰਖ ਦੀ ਖਲਕਤ ਦੇ ਹੋ ਗਏ ਹਨ, ਉਨ੍ਹਾਂ ਦਾ ਤੇ ਉਨ੍ਹਾਂ ਲਈ ਹੈ।

ਦਸਾਂ ਪਾਤਿਸ਼ਾਹੀਆਂ ਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਨੁੱਖਤਾ ਦੇ ਮਾਰਗ-ਦਰਸ਼ਕ ਹਨ, ਜਗਤ ਗੁਰੂ ਹਨ, ਇਸ ਵਿਚ ਸੱਚ ਦੇ ਮਾਰਗ ਦੇ ਪਾਂਧੀਆਂ ਲਈ ਹਰ ਪੱਖ ਤੋਂ ਸੇਧ ਮਿਲਦੀ ਹੈ। ਖ਼ਾਲਸੇ ਵਾਂਗ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵੀ ਸਰਬ-ਵਿਆਪਕ, ਸਰਬ-ਕਾਲੀ ਤੇ ਅਕਾਲ ਪੁਰਖ ਦੀ ਸਾਜੀ ਖਲਕਤ ਦੇ ਹਰੇਕ ਜੀਵ ਲਈ ਮਾਰਗ-ਦਰਸ਼ਕ ਹੈ। ਗੁਰਬਾਣੀ ਨੂੰ ਕਿਸੇ ਖ਼ਾਸ ਖਿੱਤੇ, ਖ਼ਾਸ ਵਰਗ ਜਾਂ ਵੱਸੋਂ ਲਈ ਸੀਮਤ ਕਰਨਾ ਗੁਰਬਾਣੀ ਦੀ ਬੇਅਦਬੀ ਹੈ।

ਅਜੋਕੇ ਸਮੇਂ ਵਿਚ ਦੁਨੀਆ ਵਿਚ ਮੁੱਖ ਰੂਪ ਵਿਚ ਦੋ ਤਰ੍ਹਾਂ ਦਾ ਰਾਜ-ਪ੍ਰਬੰਧ ਚੱਲ ਰਿਹਾ ਹੈ। ਇਕ ਪਿਤਾ-ਪੁਰਖੀ ਤਾਨਾਸ਼ਾਹੀ, ਅਤੇ ਦੂਜਾ ਲੋਕਾਂ ਦੁਆਰਾ ਵੋਟਾਂ ਪਾ ਕੇ ਲੋਕਤੰਤਰੀ। ਕੀ ਤਾਨਾਸ਼ਾਹੀ ਰਾਜ-ਪ੍ਰਬੰਧ ਵਿਚ ਸਾਰੇ ਦੁਖੀ ਹਨ ਜਾਂ ਲੋਕਤੰਤਰ ਵਿਚ ਸਾਰੇ ਸੁਖੀ ਹਨ? ਦੇਖੋ ਅਰਬ ਮੁਲਕਾਂ ਵਿਚ ਤਾਨਾਸ਼ਾਹੀ ਰਾਜ-ਪ੍ਰਬੰਧ ਹੈ ਪਰ ਉੱਥੋਂ ਦੇ ਲੋਕ ਕਈ ਲੋਕਤੰਤਰੀ ਮੁਲਕਾਂ ਨਾਲੋਂ ਜ਼ਿਆਦਾ ਸੁਖੀ ਹਨ। ਭਾਰਤ ਵਰਗਾ ਲੋਕਤੰਤਰ ਜੋ ਕਿ ਅੰਗਰੇਜ਼ੀ ਰਾਜ-ਪ੍ਰਬੰਧ ਤੋਂ ਪਹਿਲਾਂ ਵੱਖ-ਵੱਖ ਰਿਆਸਤਾਂ ਵਿਚ ਵੰਡਿਆ ਹੋਇਆ ਸੀ, ਦੀ ਅਜੋਕੀ ਹਾਲਤ ਰਿਆਸਤੀ ਜਾਂ ਅੰਗਰੇਜ਼ੀ ਰਾਜ-ਪ੍ਰਬੰਧ ਨਾਲੋਂ ਨਿੱਘਰਦੀ ਜਾ ਰਹੀ ਹੈ।

ਆਓ! ਗੁਰਬਾਣੀ ਦੀ ਰੌਸ਼ਨੀ ਵਿਚ ਵਿਚਾਰਨ ਦਾ ਯਤਨ ਕਰੀਏ ਕਿ ਰਾਜ-ਪ੍ਰਬੰਧ ਕਿਹੋ-ਜਿਹਾ ਹੋਣਾ ਚਾਹੀਦਾ ਹੈ, ਜਿਸ ਵਿਚ ਲੋਕ ਸੁਖੀ ਵੱਸ ਸਕਣ।

ਗੁਰਬਾਣੀ ਦੇ ਮੁਤਾਬਕ ਅਜਿਹੇ ਰਾਜ ਦੀ ਕੋਈ ਲੋੜ ਨਹੀਂ ਜੋ ਕਿ ਜਨਤਾ ਦੀਆਂ ਸਮੱਸਿਆਵਾਂ ਨੂੰ ਮੁਕਾ ਕੇ ਤ੍ਰਿਪਤੀ ਨਹੀਂ ਬਖ਼ਸ਼ਦਾ। ਫ਼ਰਮਾਣ ਹੈ :

**ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥੨॥ ( ॥੪॥੧॥੪੧॥) ( ਰਾਗੁ ਸੂਹੀ ਮ. ੫ ਘਰੁ ੪, ਅੰਕ : ੭੪੫)**

ਅਸਲ ਵਿਚ ਗੁਰਬਾਣੀ ਸਾਨੂੰ ਜ਼ਿੰਦਗੀ ਦੇ ਹਰ ਪੱਖ ਤੋਂ ਸੇਧ ਬਖ਼ਸ਼ਦੀ ਹੈ ਅਤੇ ਰਾਜ ਪ੍ਰਬੰਧ ਬਾਰੇ ਤਾਂ ਬਹੁਤ ਹੀ ਸਪੱਸ਼ਟ ਹੈ ਕਿ ਰਾਜ ਪ੍ਰਬੰਧ ਐਸਾ ਹਲੇਮੀ ਵਾਲਾ ਹੋਣਾ ਚਾਹੀਦਾ ਹੈ ਕਿ ਸਭ ਪਾਸੇ ਸੁਖ ਵਰਤੇ :

**ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥ ਪੈ ਕੋਇ ਨ ਕਿਸੈ ਰਞਾਣਦਾ ॥**
**ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ( ॥੨੧॥੨॥੨੯॥)**
**( ਸਿਰੀਰਾਗੁ ਮ. ੫, ਅੰਕ : ੭੪)**

ਜੋ ਰਾਜ ਲੋਭੀਆਂ ਵਲੋਂ ਮਾਇਆ ਤੇ ਹੋਰ ਐਸ਼ੋ-ਇਸ਼ਰਤ ਦੇ ਸਾਧਨਾਂ ਦੀ ਪ੍ਰਾਪਤੀ ਲਈ ਕੀਤਾ ਜਾਂਦਾ ਹੈ ਤਾਂ ਉਹ ਰਾਜ ਝੂਠਾ ਹੈ :

**ਰਾਜੁ ਮਾਲੁ ਝੂਠੀ ਸਭ ਮਾਇਆ ॥ ਲੋਭੀ ਨਰ ਰਹੇ ਲਪਟਾਇ ॥...੧੨॥ ( ॥੧੩॥੧॥੨॥)**
**(ਭੈਰਉ ਮਹਲਾ ੩ ਘਰੁ ੨, ਅੰਕ : ੧੧੫੫)**

ਰਾਜ, ਪ੍ਰਧਾਨਗੀਆਂ ਤੇ ਫ਼ਰਮਾਇਸ਼ਾਂ ਦੀ ਪੂਰਤੀ ਨਾਲ ਕਦੇ ਵੀ ਮਨ ਨੂੰ ਤਸੱਲੀ ਨਹੀਂ ਮਿਲਦੀ ਅਤੇ ਨਾ ਹੀ ਦੁਨਿਆਵੀ ਪਦਾਰਥਾਂ ਦੀ ਤ੍ਰਿਸ਼ਨਾ ਖ਼ਤਮ ਹੁੰਦੀ ਹੈ। ਫ਼ਰਮਾਣ ਹੈ :

**ਰਾਜ ਮਿਲਖ ਅਰੁ ਬਹੁਤੁ ਫੁਰਮਾਇਸਿ ॥**
**ਮਨੁ ਨਹੀ ਧ੍ਰਾਪੈ ਤ੍ਰਿਸਨਾ ਨਾ ਜਾਇਸਿ ॥...੩॥**
**( ॥੪॥੧੧॥) ( ਆਸਾ ਮ. ੫, ਅੰਕ : ੩੭੩)**

ਗੁਰਬਾਣੀ ਦਾ ਫ਼ਰਮਾਣ ਹੈ ਕਿ ਰਾਜ ਪ੍ਰਬੰਧ ਵਿਚ ਅਨਰਥ ਢੰਗਾਂ ਨਾਲ ਪ੍ਰਾਪਤ ਕੀਤੀ ਮਾਇਆ ਜੋੜ-ਜੋੜ ਕੇ ਰੱਖਣ ਵਾਲਿਆਂ ਦੇ ਉਹ ਮਾਇਆ ਕੰਮ ਨਹੀਂ ਆਉਂਦੀ ਸਗੋਂ ਉਹ ਮਾਇਆ ਹੀ ਉਸੇ ਵਿਨਾਸ਼ ਦਾ ਕਾਰਨ ਬਣਦੀ ਜਾਂਦੀ ਹੈ ਅਤੇ ਅਕਾਲ ਪੁਰਖ ਉਹ ਮਾਇਆ ਹੋਰਾਂ ਨੂੰ ਦੇ ਦਿੰਦਾ ਹੈ। ਫ਼ਰਮਾਣ ਹੈ :

**ਭੂਪਤਿ ਹੋਇ ਕੈ ਰਾਜੁ ਕਮਾਇਆ ॥ ਕਰਿ ਕਰਿ ਅਨਰਥ ਵਿਹਾਝੀ ਮਾਇਆ ॥**
**ਸੰਚਤ ਸੰਚਤ ਥੈਲੀ ਕੀਨ੍ਹੀ ॥ ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨ੍ਹੀ ॥੧॥ ( ॥੪॥੩੫॥੮੬॥)( ਆਸਾ ਮ. ੫, ਅੰਕ : ੩੯੧-੯੨)**

ਇਤਿਹਾਸ ਗਵਾਹ ਹੈ ਕਿ ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਨ ਵਾਲੇ ਸਰਹੰਦ ਦੇ ਨਵਾਬ ਕੋਲ ਅਥਾਹ ਮਾਇਆ ਸੀ, ਪਰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ-ਮਾਰੀ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਤਾਂ ਉਸ ਵਲੋਂ ਲੋਕਾਂ ਦਾ ਖ਼ੂਨ ਚੂਸ ਕੇ ਇਕੱਤਰ ਕੀਤੀ ਮਾਇਆ ਸਿੰਘਾਂ ਦੇ ਕੰਮ ਆਈ।

ਗੁਰਬਾਣੀ ਨੇ ਜਿੱਥੇ ਮਾਇਆ, ਕਾਮ-ਕਰੋਧ-ਲੋਭ-ਮੋਹ-ਹੰਕਾਰ ਵਿਕਾਰਾਂ ਦੀ ਪੂਰਤੀ, ਤੇ ਲੋਕ ਸੇਵਾ ਤੋਂ ਹੀਣੇ ਰਾਜ ਪ੍ਰਬੰਧ ਨੂੰ ਭੰਡਿਆ ਹੈ ਉੱਥੇ ਅਜਿਹੇ ਰਾਜ ਤੋਂ ਬਿਨਾਂ ਹੀ ਵੱਸਣ ਵਾਲੀ ਲੀਹ ਵੀ ਪਾਈ ਹੈ। ਫ਼ਰਮਾਣ ਹੈ :

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥...੧॥ ( ॥੨॥੩॥੨੯॥)**
**( ਦੇਵਗੰਧਾਰੀ ੫, ਅੰਕ : ੫੩੪)**

ਗੁਰਮਤਿ ਵਿਚ ਰਾਜ ਕਰਨ ਨਾਲੋਂ ਸੇਵਾ ਨੂੰ ਮਹਾਨ ਕਿਹਾ ਹੈ, ਜਿਸ ਨਾਲ ਤ੍ਰਿਸ਼ਨਾ ਤੋਂ ਮੁਕਤੀ, ਦੁਬਿਧਾਵਾਂ ਦਾ ਅੰਤ ਤੇ ਅਕਾਲ ਪੁਰਖ ਦੀ ਪ੍ਰਤੀਤੀ ਪ੍ਰਾਪਤ ਹੁੰਦੀ ਹੈ। ਗੁਰਮਤਿ ਅਨੁਸਾਰ ਅਜਿਹੇ ਰਾਜ ਨੂੰ ਅਗਨੀ ਵਿਚ ਸਾੜ ਦੇਣਾ ਚਾਹੀਦਾ ਹੈ, ਜੋ ਮਨੁੱਖ ਨੂੰ ਨਿਹਾਲ ਹੋਣ ਦੀ ਅਵਸਥਾ ਵਿਚ ਨਹੀਂ ਪਹੁੰਚਣ ਦਿੰਦਾ। ਫ਼ਰਮਾਣ ਹੈ :

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥੧॥ ( ॥੫॥੧੪॥੪੪॥) (ਬਿਲਾਵਲੁ ਮ. ੫, ਅੰਕ : ੮੧੧)**

ਗੁਰਬਾਣੀ ਮੁਤਾਬਕ ਰਾਜ ਕਰਨਾ ਮਾੜਾ ਨਹੀਂ ਸਗੋਂ ਰਾਜ ਦਾ ਅਭਿਮਾਨ ਮਾੜਾ ਹੈ ਅਤੇ ਉਸ ਅਭਿਮਾਨ ਅਧੀਨ ਹੋ ਕੇ ਕੀਤੀਆਂ ਕਾਰਵਾਈਆਂ ਜਿੱਥੇ ਖਲਕਤ ਦੇ ਭਲੇ ਵਿਚ ਨਹੀਂ ਹੁੰਦੀਆਂ ਉੱਥੇ ਰਾਜ-ਅਭਿਮਾਨੀਆਂ ਨੂੰ ਕੁੱਤੇ ਦਾ ਦਰਜਾ ਦੇ ਕੇ ਨਰਕਾਂ ਦੇ ਰਾਹ ਤੋਰਦੀਆਂ ਹਨ। ਫ਼ਰਮਾਣ ਹੈ:

**ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥...੧॥ ( ॥੮॥੧੨॥) (ਰਾਗੁ ਗਉੜੀ ਸੁਖਮਨੀ ਮ. ੫, ਅੰਕ : ੨੭੮)**

ਉਸੇ ਰਾਜ ਨੂੰ ਸਥਿਰ ਤੇ ਸੱਚਾ ਕਿਹਾ ਹੈ, ਜੋ ਖਲਕਤ ਦੀ ਸੇਵਾ ਨਿਰ-ਸੁਆਰਥ ਹੋ ਕੇ ਕਰਨ ਦਾ ਕਾਰਨ ਬਣੇ। ਫ਼ਰਮਾਣ ਹੈ :

**ਸੁਆਰਥੁ ਸੁਆਉ ਨ ਕੋ ਕਰੇ ਨਾ ਕਿਛੁ ਹੋਵੈ ਕਾਜੁ ॥**
**ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ ॥੨॥ ( ॥੯॥੧॥੨੬॥) ( ਸਿਰੀਰਾਗੁ ਮ. ੫, ਅੰਕ : ੭੦)**

ਅਜਿਹੇ ਗੁਰਸਿੱਖਾਂ ਨੂੰ ਸੱਚੇ ਰਾਜੇ ਕਿਹਾ ਹੈ ਜਿਨ੍ਹਾਂ ਨੇ ਗੁਰਮਤਿ ਦੁਆਰਾ ਦਰਸਾਏ ਸਰਬੱਤ ਦੇ ਭਲੇ ਦੇ ਸਿਧਾਤਾਂ ਨੂੰ ਲਾਗੂ ਕਰਨ ਲਈ ਸੱਚ ਦੀ ਪਛਾਣ ਕਰ ਲਈ ਹੈ। ਫ਼ਰਮਾਣ ਹੈ :

**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ ॥...੬॥**
**(ਰਾਗੁ ਮਾਰੂ, ਮ. ੧, ਪਉੜੀ, ਅੰਕ : ੧੦੮੮)**

ਸੱਚੇ ਰਾਜ ਦਾ ਤਸੱਵਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਰਵਿਦਾਸ ਜੀ ਨੇ ਦਰਸਾਇਆ ਹੈ ਜਿੱਥੇ ਕੋਈ ਧੱਕਾ, ਅਨਿਆਂ, ਤਕਲੀਫ਼, ਦੋਹਰੇ-ਮਾਪਦੰਡ ਨਹੀਂ, ਸਗੋਂ ਇਕ ਅਕਾਲ ਪੁਰਖ ਦੀ ਸੱਤਾ ਅਧੀਨ ਸਭ ਸੁਖੀ ਵੱਸਦੇ ਹਨ। ਫ਼ਰਮਾਣ ਹੈ :

**ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥**
**ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥**
**ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥**
**ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥**
**ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥**
**ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥**
**ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥ ੨॥ ( ਰਾਗੁ ਗਉੜੀ ਰਵਿਦਾਸ ਜੀ ਕੇ ਪਦੇ ਗਉੜੀ ਗੁਆਰੇਰੀ, ਅੰਕ : ੩੪੫)**

ਤਾਂ ਆਓ ਫ਼ਿਰ ਆਪਾਂ ਗੁਰਬਾਣੀ ਦੇ ਇਨ੍ਹਾਂ ਫ਼ਰਮਾਣਾਂ ਦੀ ਰੌਸ਼ਨੀ ਵਿਚ ਵਿਚਾਰੀਏ ਕਿ ਜਿਸ ਰਾਜ-ਪ੍ਰਬੰਧ ਵਿਚ ਅਸੀਂ ਰਹਿ ਰਹੇ ਹਾਂ ਕੀ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਦਰਸਾਏ ਸਿਧਾਂਤਾਂ ਮੁਤਾਬਕ ਹੈ ਜਾਂ ਨਹੀਂ। ਕੀ ਇਥੇ ਸਭ ਨੂੰ ਨਿਆਂ ਮਿਲ ਰਿਹਾ ਹੈ ? ਕੀ ਖਲਕਤ ਸੁਖੀ ਵੱਸ ਰਹੀ ਹੈ ? ਕੀ ਲਾਗੂ ਕੀਤੇ ਜਾਂਦੇ ਕਾਨੂੰਨ ਸਭ ਲਈ ਇਕ ਸਮਾਨ ਹਨ ? ਕੀ ਸਿੱਖਿਆ ਤੇ ਸਿਹਤ ਸਹੂਲਤਾਂ ਸਭ ਨੂੰ ਇਕ-ਸਮਾਨ ਪ੍ਰਾਪਤ ਹੋ ਰਹੀਆਂ ਹਨ ? ਕੀ ਹੱਕਦਾਰ ਨੂੰ ਉਸ ਦਾ ਹੱਕ ਮਿਲ ਰਿਹਾ ਹੈ ? ਹਰੇਕ ਦਾਨਸ਼ਮੰਦ ਵਿਅਕਤੀ ਇਨ੍ਹਾਂ ਸਭ ਸਵਾਲਾਂ ਦਾ ਜਵਾਬ ਨਾਂਹ ਵਿਚ ਦੇਵੇਗਾ।ਤਾਂ ਫਿਰ ਆਪਾਂ ਅਜਿਹੇ ਰਾਜ-ਪ੍ਰਬੰਧ ਵਿਚ ਕਿਉਂ ਰਹਿ ਰਹੇ ਹਾਂ। ਇਸ ਖਿਲਾਫ਼ ਜੇਕਰ ਵਿਦਰੋਹ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਦਾ ਵਿਰੋਧ ਤਾਂ ਕਰੀਏ। ਸਾਡਾ ਫ਼ਰਜ਼ ਬਣਦਾ ਹੈ ਕਿ ਗੁਰਮਤਿ ਸਿਧਾਂਤਾਂ ਮੁਤਾਬਕ ਹਲੇਮੀ ਰਾਜ ਦੀ ਸਥਾਪਤੀ ਲਈ ਲਾਮਬੰਦ ਹੋਈਏ ਤਾਂ ਜੋ ਸਥਾਪਤ ਕੂੜ ਪ੍ਰਬੰਧਾਂ ਵਿਚ ਤਪਦੀ ਲੋਕਾਈ ਨੂੰ ਠਾਰਿਆ ਜਾ ਸਕੇ। ▪▪

# ਸ੍ਰੀ ਅਕਾਲ ਤਖ਼ਤ ਸਾਹਿਬ : ਪੰਥਕ ਰਾਜ ਸਿੰਘਾਸਣ ਦੇ ਰੂਪ 'ਚ ਮਾਨਵ ਜਾਤੀ ਦੇ ਰਾਹ ਦਿਸੇਰਾ

ਭਾਈ ਹਰਿਸਿਮਰਨ ਸਿੰਘ*

**ਗੁਰੂ ਕਾਲ ਤੋਂ ਬਾਅਦ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੇ ਮਿਲਵੇਂ ਪਰਾਕ੍ਰਮਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਰਾਜ-ਸਿੰਘਾਸਣ ਦਾ ਰੁਤਬਾ ਤਾਂ ਹਾਸਲ ਕਰ ਚੁੱਕਾ ਹੈ, ਪਰ ਇਸ ਗੈਰ-ਰਾਜੀ ਸਿੰਘਾਸਣ ਤੋਂ ਜੋ ਦਿਸ਼ਾ ਸਿੱਖ ਪੰਥ ਨੂੰ ਮਿਲਣੀ ਚਾਹੀਦੀ ਸੀ, ਉਹ ਦਿਸ਼ਾ ਸਾਕਾਰ ਨਹੀਂ ਹੋਈ। ਇਕ ਵੱਡਾ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਸੇਵਾਵਾਂ, ਕਾਰਜ ਏਜੰਡਾ ਅਤੇ ਖੁੱਲ੍ਹੇ ਵਾਤਾਵਰਨ ਵਿਚ ਕੰਮ ਨਾ ਕਰ ਸਕਣ ਦੀਆਂ ਖਿੱਚ ਦਿੱਤੀਆਂ ਸੀਮਾਵਾਂ ਜ਼ਿੰਮੇਵਾਰ ਹਨ। ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਸ਼ਾਲ, ਦ੍ਰਿੜ੍ਹ ਅਤੇ ਵੱਡੇ ਨਤੀਜੇ ਲਿਆਉਣ ਵਾਲੀ ਭੂਮਿਕਾ ਇਕ ਜਥੇਦਾਰ ਸਾਹਿਬਾਨ ਦੀ ਚੋਣ, ਯੋਗਤਾ ਅਤੇ ਕਾਰਜ-ਵਿਧੀ ਆਦਿ ਉੱਤੇ ਵੀ ਨਿਰਭਰ ਕਰਦੀ ਹੈ। ਧਰਮ ਅਤੇ ਇਸ ਦੀਆਂ ਸੰਸਥਾਵਾਂ ਦੇ ਰਾਜਨੀਤੀਕਰਨ ਅੱਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦਾ ਵੀ ਰਾਜਨੀਤੀਕਰਨ ਹੋ ਗਿਆ ਹੈ।**

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਮਾਨਸਿਕਤਾ ਅਤੇ ਵਿਵਹਾਰ ਵਿਚ ਇਕ ਅਜਿਹੇ ਪੰਥਕ ਰਾਜ ਸਿੰਘਾਸਣ ਦਾ ਦਰਜਾ ਰੱਖਦੇ ਹਨ, ਜਿਸ ਤੋਂ ਸਿੱਖ ਧਰਮ, ਗੁਰਮਤਿ ਵਿਚਾਰਧਾਰਾ, ਸਮੁੱਚੇ ਸਿੱਖ ਸਰੋਕਾਰਾਂ, ਸਮੁੱਚੀ ਪੰਥਕ ਜਥੇਬੰਦੀ, ਸਿੱਖ ਰਾਜਨੀਤੀ, ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਹਿੱਤ ਸਮੁੱਚੀਆਂ ਨੀਤੀਆਂ ਅਤੇ ਸਰਗਰਮੀਆਂ ਸੰਚਾਲਿਤ ਹੋਣੀਆਂ ਜ਼ਰੂਰੀ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਜੋਤੀ-ਜੋਤਿ ਸਮਾ ਜਾਣ ਉਪਰੰਤ ਸਿੱਖ ਪੰਥ ਦੀ ਅਗਵਾਈ ਦਾ ਜੋ ਅਧਿਕਾਰ ਖ਼ਾਲਸਾ ਪੰਥ ਨੂੰ ਮਿਲਿਆ ਸੀ, ਉਸ ਪ੍ਰਥਾਇ ਸਿੱਖ ਸੰਸਥਾਵਾਂ ਦੀਆਂ ਸਥਾਨਕ ਤੋਂ ਪੰਥਕ ਪ੍ਰਭਾਵ ਰੱਖਣ ਵਾਲੀਆਂ ਜਥੇਬੰਦੀਆਂ ਦੀ ਸ਼ਕਤੀ ਅਤੇ ਸਮਰੱਥਾ ਨੂੰ ਸੰਚਾਲਿਤ ਕਰਨ ਵਾਲੀ ਸਿਰਮੌਰ ਸੰਸਥਾ ਦਾ ਅਧਿਕਾਰ ਖੁਦ ਖ਼ਾਲਸਾ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨ ਤੇ ਸਰਬਉੱਚ ਸੰਸਥਾ ਦੇ ਰੂਪ ਵਿਚ ਵਿਕਸਿਤ ਕੀਤਾ ਹੈ। ਪੰਥਕ ਰਾਜ ਸਿੰਘਾਸਣ ਦੇ ਸ਼ਬਦੀ ਅਤੇ ਬਾਹਰੀ ਅਰਥ ਭਾਵੇਂ ਇਸ ਦੇ ਰਾਜਨੀਤਕ ਜਾਂ ਸੱਤਾਧਾਰੀ ਸਰੂਪ ਦਾ ਪ੍ਰਭਾਵ ਦਿੰਦੇ ਹਨ, ਪਰ ਇਹ ਅਸਲ ਵਿਚ ਸੰਸਾਰੀ ਅਤੇ ਰੂਹਾਨੀ ਸਰੋਕਾਰਾਂ ਨਾਲ ਜੁੜਿਆ ਸਮੁੱਚਾ ਸਿੱਖੀ ਜੀਵਨ ਅਤੇ ਉਸ ਦੀ ਸਮੁੱਚੀ ਜਾਚ ਨੂੰ ਨੀਤੀਗਤ ਕਰਨ ਵਾਲੇ ਦਿਸ਼ਾ-ਨਿਰਦੇਸ਼ਿਤ ਕੇਂਦਰ ਵਾਂਗ ਕੰਮ ਕਰਨ ਵਾਲਾ ਸਰਬਉੱਚ ਮੰਚ ਹੈ। ਇਸ ਦੇ ਸਿੰਘ ਸਾਹਿਬ ਦੇ ਹੱਥ ਮੀਰੀ-ਪੀਰੀ ਦੀ ਸ਼ਕਤੀ ਦੀਆਂ ਪ੍ਰਤੀਕ ਦੋ ਕਿਰਪਾਨਾਂ ਨੂੰ ਉਨ੍ਹਾਂ ਦੇ ਸਹੀ ਪ੍ਰਸੰਗ ਵਿਚ ਨਾ ਕੇਵਲ ਵਰਤਣ, ਸਗੋਂ ਪੰਥਕ ਤੇ ਕੌਮੀ ਪ੍ਰਾਪਤੀਆਂ ਲਈ ਸਿੱਖ ਸੰਸਥਾਵਾਂ ਦੇ ਪਿਰਾਮਿਡ ਦੇ ਸਿਰਮੌਰ ਆਗੂ ਰੂਪ ਵਿਚ ਨਿਗਾਹਬਾਨ ਵਜੋਂ ਵੀ ਪੰਥ ਤੇ ਮਨੁੱਖਤਾ ਦੀ ਸੇਵਾ ਕਮਾਉਣਾ ਹੈ। ਇਹੋ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਬਿਰਧ ਹੈ। ਇਹੋ ਰਾਜ ਸਿੰਘਾਸਣ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੰਸਾਰੀ ਬਾਦਸ਼ਾਹੀਆਂ ਤੋਂ ਉਪਰ ਉਠਾ ਕੇ ਸੱਚ-ਆਧਾਰਿਤ ਸੱਚੀ ਪਾਤਿਸ਼ਾਹੀ ਦੇ ਸਰਬਉੱਚ ਪੰਥਕ ਕੇਂਦਰ ਵਜੋਂ ਸਥਾਪਿਤ ਕਰਦਾ ਹੈ। ਇਸ ਦੇ ਅਜਿਹੇ ਸੰਕਲਪ ਦੀ ਸਿਰਜਣਾ ਅਤੇ ਵਿਹਾਰਕ ਰੂਪ ਵਿਚ ਇਸ ਦਾ ਇਹ ਵਿਵਹਾਰ, ਇਤਿਹਾਸ ਵਿਚ ਪੰਥਕ ਪ੍ਰਾਪਤੀਆਂ ਕਰਨ ਜਾਂ ਪੰਥ ਨੂੰ ਆਈਆਂ ਔਕੜਾਂ ਸਮੇਂ ਇਸ ਸੰਸਥਾ ਦੇ ਆਗੂ ਜਥੇਦਾਰ ਸਾਹਿਬ ਰਾਹੀਂ ਪ੍ਰਗਟ ਵੀ ਹੁੰਦਾ ਰਿਹਾ ਹੈ। ਜਦੋਂ ਕਦੇ ਵੀ ਪੰਥ ਉੱਤੇ ਭੀੜਾ ਬਣੀ ਜਾਂ ਸਹਿਜ ਹਾਲਾਤ ਵਿਚ ਵੀ ਸਮੁੱਚਾ ਸਿੱਖ ਪੰਥ, ਵਿਸ਼ੇਸ਼ ਕਰਕੇ ਇਸ ਦੇ ਸੰਘਰਸ਼ਸ਼ੀਲ ਆਗੂ ਅਤੇ ਜਥੇਬੰਦੀਆਂ ਇਸ ਦੇ ਸਿਧਾਂਤਕ ਅਤੇ ਸੰਸਥਾਗਤ ਸ਼ਕਤੀ ਕੇਂਦਰ ਹੋਣ ਕਾਰਨ ਇਸ ਤੋਂ ਅਗਵਾਈ ਪ੍ਰਾਪਤ ਕਰਨ ਲਈ ਇਥੇ ਨਾ-ਕੇਵਲ ਇਕੱਠੇ ਹੁੰਦੇ ਰਹੇ ਹਨ, ਸਗੋਂ ਆਪਸੀ ਮਿਲਵਰਤਨ ਅਤੇ ਪੰਥਕ ਮਰਿਯਾਦਾ ਅਨੁਸਾਰ ਮਿਲ ਬੈਠ ਕੇ ਫ਼ੈਸਲੇ ਵੀ ਲੈਂਦੇ ਰਹੇ ਹਨ। ਇਨ੍ਹਾਂ ਫ਼ੈਸਲਿਆਂ ਨੂੰ ਸਿੱਖ ਪੰਥ ਨੇ ਗੁਰੂ ਦੇ ਫ਼ੈਸਲੇ ਜਾਣ ਕੇ ਉਨ੍ਹਾਂ ਨੂੰ ਗੁਰਮਤੇ ਦੇ ਰੂਪ ਵਿਚ ਆਪਣੀ ਪੰਥਕ ਮਾਨਸਿਕਤਾ ਵਿਚ ਵਸਾਉਂਦਿਆਂ ਸੱਚੇ ਦਿਲੋਂ ਇਨ੍ਹਾਂ ਨੂੰ ਅਮਲੀ ਰੂਪ ਦੇਣ ਲਈ ਯਤਨ ਕੀਤੇ।

ਮਸਲਾ ਜੇਕਰ ਧਾਰਮਿਕ ਸਰੂਪ ਵਾਲਾ ਹੁੰਦਾ ਸੀ ਤਾਂ ਉਹੋ ਹੀ ਜਥੇਦਾਰ ਸਾਹਿਬ ਪੰਜ ਪਿਆਰਿਆਂ ਦੇ ਸਹਿਯੋਗ ਨਾਲ 'ਪੀਰੀ ਦੀ ਕਿਰਪਾਨ' ਦੀ ਸ਼ਕਤੀ ਰਾਹੀਂ ਮਿਲੇ ਅਧਿਕਾਰਾਂ ਰਾਹੀਂ ਗੁਰਮਤਿ ਜੁਗਤਿ ਵਿਚ ਫ਼ੈਸਲੇ ਲੈਂਦੇ ਸਨ। ਸਿੱਖ ਇਸ ਪ੍ਰਥਾਇ ਹਰ ਤਰ੍ਹਾਂ ਦੀ ਸਿੱਧੀ-ਅਸਿੱਧੀ ਕਿਰਿਆ ਕਰਦੇ ਸਨ ਤੇ ਫ਼ੈਸਲਿਆਂ ਨੂੰ ਲਾਗੂ ਕਰਨ ਦੀ ਸਥਿਤੀ ਤੱਕ ਉਨ੍ਹਾਂ ਦਾ ਪਿੱਛਾ ਕਰਦੇ ਸਨ। ਇਸੇ ਤਰ੍ਹਾਂ ਹੀ ਜਦੋਂ ਕੋਈ ਮਸਲਾ ਰਾਜਨੀਤੀ, ਸੱਤਾ ਅਤੇ ਸੰਘਰਸ਼ ਨਾਲ ਸਬੰਧਤ ਹੁੰਦਾ ਸੀ ਤਾਂ ਉਹ ਸਰਬੱਤ ਖ਼ਾਲਸਾ ਰੂਪ ਵਿਚ ਸਿੱਖ ਪੰਥ ਦੀ ਸਮੁੱਚੀ ਮਾਨਸਿਕਤਾ ਦੀ ਪ੍ਰਤੀਨਿੱਧਤਾ ਕਰਦੇ ਹੋਏ 'ਮੀਰੀ ਦੀ ਕਿਰਪਾਨ' ਦੀ ਸ਼ਕਤੀ ਰਾਹੀਂ ਮਿਲੇ ਅਧਿਕਾਰਾਂ ਰਾਹੀਂ ਪੰਥ ਨੂੰ ਦਿਸ਼ਾ ਅਤੇ ਅਗਵਾਈ ਦਿੰਦੇ ਸਨ। ਉਸ ਸਮੇਂ ਜਥੇਦਾਰ ਸਾਹਿਬ ਦੀ ਨਿਯੁਕਤੀ ਜਾਂ ਪੰਜ ਪਿਆਰਿਆਂ ਦਾ ਸਥਾਈ ਪੱਧਰ 'ਤੇ ਕੰਮ ਕਰਨਾ ਇਤਨੀ ਮਹੱਤਤਾ ਨਹੀਂ ਰੱਖਦਾ ਸੀ, ਕਿਉਂ ਜੋ ਅਜਿਹੀ ਸ਼ਖ਼ਸੀਅਤ ਅਤੇ ਉਸ ਦਾ ਪ੍ਰਭਾਵ ਜ਼ਾਹਰਾ ਰੂਪ ਵਿਚ ਸੀਮਤ ਹੁੰਦੇ ਹੋਏ ਵੀ ਸਰਬੱਤ ਖ਼ਾਲਸਾ

ਰੂਪ ਵਿਚ ਬੈਠੇ ਸਿੱਖ ਆਗੂਆਂ ਅਤੇ ਆਮ ਸਿੱਖਾਂ ਦੀ ਮਾਨਸਿਕਤਾ ਵਿਚ ਗੁਰੂ ਸ਼ਖ਼ਸੀਅਤ ਵੱਸੀ ਹੁੰਦੀ ਸੀ। ਇਹ ਸੋਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਬਣੀ ਸੀ, ਜਿਸ ਵਿਚ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਇਕ ਮਰਿਯਾਦਾ ਅਨੁਸਾਰ ਜੁੜ ਬੈਠੇ ਸਿੱਖ, ਗੁਰੂ ਪੰਥ ਦੇ ਪ੍ਰਤੀਨਿੱਧ ਰੂਪ ਹੋਣਗੇ। ਖ਼ਾਲਸਾ ਪੰਥ ਨੇ ਚੂੰਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਨੂੰ ਗੁਰੂ ਸੰਸਥਾ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਸੀ (ਹੈ), ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਸਰਬੱਤ ਖ਼ਾਲਸਾ ਰੂਪ ਵਿਚ ਜੁੜ ਬੈਠਾ ਸਿੱਖ ਸਮੂਹ ਇਨ੍ਹਾਂ ਦੇ ਸਿਧਾਂਤਕ ਤੇ ਵਿਵਹਾਰਕ ਸੰਸਥਾਵਾਂ ਰਾਹੀਂ ਆਪਣਾ ਪ੍ਰਤੀਨਿੱਧਤਵ ਹੋਇਆ ਸਮਝਦਾ ਸੀ। ਮੀਰੀ ਤੇ ਪੀਰੀ ਦੀਆਂ ਦੋ ਕਿਰਪਾਨਾਂ ਦੀ ਵਿਆਖਿਆ ਦਾ ਇਹੀ ਰਹੱਸ ਅੱਗੇ ਜਾ ਕੇ ਇਤਿਹਾਸ ਵਿਚ ਹੋਰ ਵਿਕਸਿਤ ਹੋਇਆ।

ਸ੍ਰੀ ਅਕਾਲ ਤਖ਼ਤ ਸਾਹਿਬ ਸਮਾਜਿਕ ਤੇ ਸਮੂਹਿਕ ਪੱਧਰ ’ਤੇ ਸਿੱਖ ਮਾਨਸਿਕਤਾ ਵਿਚ ਵੱਸੀ ਹੋਈ ਸੰਸਥਾ ਹੈ। ਇਸ ਰਾਹੀਂ ਸਿੱਖ ਦਾ ਆਪਣਾ ਆਪ ਤੇ ਉਸ ਦਾ ਸਭ ਕੁਝ ਮਹਾਨ ਗੁਰੂ ਸਾਹਿਬਾਨ ਅਤੇ ਅਕਾਲ ਪੁਰਖ ਨੂੰ ਸਮਰਪਿਤ ਹੈ। ਸਿੱਖਾਂ ਦੇ ਇੱਕੀਵੀਂ ਸਦੀ ਦੇ ਨਵੇਂ ਭਵਿੱਖ ਦੀ ਸਿਰਜਣਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਸਿੰਘ ਸਾਹਿਬਾਨ ਦੀ ਭੂਮਿਕਾ ਹੋਰ ਵੀ ਮਹੱਤਵਪੂਰਨ ਬਣ ਜਾਂਦੀ ਹੈ। ਸਿੰਘ ਸਾਹਿਬਾਨ ਦੀ ਸੋਚ ਪਰਵਾਜ਼, ਕੰਮ ਕਰਨ ਦੇ ਢੰਗ, ਵਸੀਲੇ, ਏਜੰਡਾ ਤੇ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਨਿਭਾਈ ਜਾਣ ਵਾਲੀ ਭੂਮਿਕਾ ਵਿਸ਼ਾਲ ਤੇ ਮਹੱਤਵਪੂਰਨ ਹੋਣੇ ਲੋੜੀਂਦੇ ਹਨ। ਸੁੰਗੜ ਚੁੱਕੀ ਇਸ ਧਰਤੀ ਦੇ ‘ਵਿਸ਼ਵ ਪਿੰਡ’ ਦੇ ਹਰ ਕੋਨੇ, ਯਾਨੀ ਹਰ ਪ੍ਰਗਤੀਸ਼ੀਲ ਮਨੁੱਖੀ ਸਮਾਜ ਤੇ ਸੰਸਥਾਵਾਂ ਦੇ ਕਾਰਜਾਂ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ‘ਖੁਸ਼ਬੋ’ ਦਾ ਅਹਿਸਾਸ, ਵਿਸ਼ਵ ਦੇ ਹਰ ਪ੍ਰਾਣੀ ਮਾਤ੍ਰ ਦੀਆਂ ਮੁਸ਼ਕਿਲਾਂ, ਖ਼ੁਸ਼ੀਆਂ, ਖੇੜਿਆਂ ਤੇ ਸਮੱਸਿਆਵਾਂ ਦੇ ਅੰਗ-ਸੰਗ ਵਿਚਰਦਾ ਨਜ਼ਰ ਆਉਣਾ ਮਨੁੱਖਤਾ ਦੇ ਭਲੇ ਲਈ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਆਪਣੀ ਥਾਂ ਮਹੱਤਵਪੂਰਨ ਹੈ ਪਰ ਚੂੰਕਿ ਇਸ ਦਾ, ਇਸ ਦੇ ਸਿੰਘ ਸਾਹਿਬ ਰਾਹੀਂ ਹੀ ਪ੍ਰਤੀਨਿੱਧਤਵ ਹੋਣਾ ਹੈ, ਇਸ ਲਈ “ਤਖਤਿ ਬਹੈ ਤਖਤੈ ਕੀ ਲਾਇਕ॥” (ਮਾਰੂ ਮ. ੧, ਅੰਕ : ੧੦੩੯) ਅਨੁਸਾਰ ਇਸ ਦੇ ਸਿੰਘ ਸਾਹਿਬ ਉੱਚੇ ਗੁਣਾਂ ਤੇ ਸ਼ਖ਼ਸੀਅਤ ਵਾਲੇ ਹੋਣੇ ਲੋੜੀਂਦੇ ਹਨ। ਇਸ ਸਮੁੱਚੇ ਵਿਸ਼ਵ ਵਿਚ ਫ਼ੈਲੇ ਸਿੱਖ ਜਨ ਸਮੂਹ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਿਹੋ ਜਿਹੇ ਜਥੇਦਾਰ ਸਾਹਿਬ ਨੂੰ ਕਿਸ ਪ੍ਰਕਿਰਿਆ ਰਾਹੀਂ ਲੱਭ ਕੇ ਇਸ ਤਖ਼ਤ ਦੀਆਂ ਭਵਿੱਖ ਦੀਆਂ ਸੇਵਾਵਾਂ ਤੇ ਜ਼ਿੰਮੇਵਾਰੀਆਂ ਕਿਵੇਂ ਸੌਂਪੀਆਂ ਜਾਣ ਕਿ ਉਨ੍ਹਾਂ ਦੇ ਹੱਥ ਕੇਵਲ ਸਿੱਖ ਪੰਥ ਦਾ ਭਵਿੱਖ ਹੀ ਨਹੀਂ, ਸਗੋਂ ਵਿਸ਼ਵ ਕੌਮਾਂ ਤੇ ਸੱਭਿਅਤਾਵਾਂ ਦੇ ਸਰੋਕਾਰ ਵੀ ਸੁਰੱਖਿਅਤ ਰਹਿਣ। ਪੰਥ ਦੇ ਭਵਿੱਖ ਦਾ ਇਹ ਮਹੱਤਵਪੂਰਨ ਸਰੋਕਾਰ ਹੈ। ਜਿਸ ਬਾਰੇ ਅਸੀਂ ਅੱਗੇ ਵਿਚਾਰ ਕਰਾਂਗੇ। ਗੁਰਮਤਿ ਵਿਚਾਰਧਾਰਾ ਦੀ ਵਿਸ਼ਵ-ਵਿਆਪੀ ਵਿਆਖਿਆ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ‘ਗਲੋਬਲ ਦ੍ਰਿਸ਼ਟੀ ਤੇ ਗਲੋਬਲ ਭੂਮਿਕਾ’ ਵਿਸ਼ਵ ਮਨੁੱਖ ਦੀ ਸਮੁੱਚੀ ਰੱਖਿਆ ਦੀ ਜ਼ਾਮਨ ਹੋਵੇਗੀ।

ਸਵਾਲਾਂ ਦਾ ਮੂਲ ਸਵਾਲ ਹੈ ਕਿ ਗੁਰੂ ਸਾਹਿਬਾਨ ਦੇ ਸਰੀਰਕ ਰੂਪ ਵਿਚ ਇਸ ਸੰਸਾਰ ਤੋਂ ਚਲੇ ਜਾਣ ਉਪਰੰਤ ਜਦੋਂ ਗੁਰਿਆਈ ਦੀ ਸੰਸਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਖ਼ਾਲਸਾ ਪੰਥ ਨੂੰ ਸੌਂਪਣਾ ਹੋਈ, ਸਿੱਖ ਆਪਣੀਆਂ ਵੱਖ-ਵੱਖ ਸੰਸਥਾਵਾਂ ਦੀ ਨਿਯਮਿਤ ਰੂਪ ਵਿਚ ਗੁਣ-ਆਧਾਰਿਤ ਅਗਵਾਈ ਦਾ ਢਾਂਚਾ ਕਿਉਂ ਨਹੀਂ ਸਿਰਜ ਸਕੇ? ਜਥੇਦਾਰ ਸਾਹਿਬਾਨ ਦੀ ਚੋਣ, ਨਿਯੁਕਤੀ, ਕੰਮ ਕਰਨ ਦੇ ਢੰਗ, ਏਜੰਡਾ ਤੇ ਸਹੂਲਤਾਂ ਆਦਿ ਚੁਣੌਤੀਆਂ ਭਰਪੂਰ ਸਮੱਸਿਆਵਾਂ ਵੀ ਇਸ ਵਿਚ ਸ਼ਾਮਲ ਹਨ। ਇਸੇ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਇਸ ਦੇ ਸਿੰਘ ਸਾਹਿਬਾਨ ਦਾ ਸਮੁੱਚਾ ਬਿੰਬ ਅਜੇ ਤੱਕ ਵਿਸ਼ਵ ਅੱਗੇ ਪ੍ਰਗਟ ਨਹੀਂ ਹੋ ਸਕਿਆ। ਸਿੱਖ ਵਿਰੋਧੀ ਤਾਂ ਜ਼ਿੰਮੇਵਾਰ ਹਨ ਹੀ, ਅਸੀਂ ਅਕਾਲ ਦੇ ਇਸ ਤਖ਼ਤ ਦੇ ਮੂਲ ਵਾਰਸ, ਵੀ ਜ਼ਿੰਮੇਵਾਰ ਹਾਂ। ਕਿਸੇ ਵੀ ਸੰਸਥਾ ਦਾ ਬਿੰਬ ਉਸ ਦੇ ਆਗੂਆਂ ਜਾਂ ਹੋਰ ਸਬੰਧਤ ਵਿਅਕਤੀਆਂ ਦੀ ਕਾਰਜਸ਼ੈਲੀ ਰਾਹੀਂ ਪ੍ਰਗਟ ਹੋ ਕੇ ਸ਼ਕਤੀਸ਼ਾਲੀ ਹੋਣਾ ਹੁੰਦਾ ਹੈ।

ਗੁਰੂ ਕਾਲ ਤੋਂ ਬਾਅਦ ਪਿਛਲੇਰੇ ਤਿੰਨ ਸਦੀਆਂ ਦੇ ਛੋਟੇ ਪਰ ਮਹੱਤਵਪੂਰਨ ਸਿੱਖ ਇਤਿਹਾਸ ਵਿਚ ਭਾਵੇਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਜਥੇਬੰਦੀ ਦੇ ਮਿਲਵੇਂ ਪਰਾਕ੍ਰਮਾਂ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਰਾਜ-ਸਿੰਘਾਸਣ ਦਾ ਰੁਤਬਾ ਤਾਂ ਹਾਸਲ ਕਰ ਚੁੱਕਾ ਹੈ, ਪਰ ਇਸ ਗੈਰ-ਰਾਜੀ ਸਿੰਘਾਸਣ ਤੋਂ ਜੋ ਦਿਸ਼ਾ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਮਿਲਣੀ ਚਾਹੀਦੀ ਸੀ, ਉਹ ਦਿਸ਼ਾ ਸਾਕਾਰ ਨਹੀਂ ਹੋਈ। ਇਸ ਦੇ ਕਈ ਹੋਰ ਕਾਰਨਾਂ ਵਿਚੋਂ ਇਕ ਵੱਡਾ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੀ ਯੋਗਤਾ, ਨਿਯੁਕਤੀ, ਸੇਵਾਵਾਂ, ਕਾਰਜ ਏਜੰਡਾ ਅਤੇ ਖੁੱਲ੍ਹੇ ਵਾਤਾਵਰਨ ਵਿਚ ਕੰਮ ਨਾ ਕਰ ਸਕਣ ਦੀਆਂ ਖਿੱਚ ਦਿੱਤੀਆਂ ਸੀਮਾਵਾਂ ਜ਼ਿੰਮੇਵਾਰ ਹਨ।

ਇਕ ਸੰਸਥਾ ਦੀ ਮਹਾਨਤਾ ਸਿਧਾਂਤ ਅਤੇ ਇਤਿਹਾਸ ਦੇ ਪੱਧਰਾਂ ’ਤੇ ਤਾਂ ਸਮੇਂ ਦੇ ਬੀਤਣ ਨਾਲ ਉਭਰ ਆਉਂਦੀ ਹੈ ਪਰ ਉਸ ਦਾ ਆਖ਼ਰ ਵਿਵਹਾਰਕ ਕਰਮ ਅਤੇ ਫ਼ੈਲਾਅ ਉਸ ਦੀ ਅਗਵਾਈ ਕਰਨ ਵਾਲੇ ਆਗੂਆਂ ਦੇ ਉੱਤੇ ਵੀ ਨਿਰਭਰ ਕਰਦਾ ਹੈ। ਪੰਥ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਵਿਸ਼ਾਲ, ਦ੍ਰਿੜ ਅਤੇ ਵੱਡੇ ਨਤੀਜੇ ਲਿਆਉਣ ਵਾਲੀ ਭੂਮਿਕਾ ਇਕ ਜਥੇਦਾਰ ਸਾਹਿਬਾਨ ਦੀ ਚੋਣ, ਯੋਗਤਾ ਅਤੇ ਕਾਰਜ-ਵਿਧੀ ਆਦਿ ਉੱਤੇ ਵੀ ਨਿਰਭਰ ਕਰਦੀ ਹੈ। ਪੰਥ ਦੀਆਂ ਧਾਰਮਿਕ ਅਤੇ ਹੋਰ ਨਿਤਾਪ੍ਰਤੀ ਦੀਆਂ ਸਮੱਸਿਆਵਾਂ ਦੇ ਹੱਲ ਨਾ ਹੋ ਸਕਣ ਦਾ ਇਹ ਵੀ ਵੱਡਾ ਕਾਰਨ ਹੈ। ਧਰਮ ਅਤੇ ਇਸ ਦੀਆਂ ਸੰਸਥਾਵਾਂ ਦੇ ਰਾਜਨੀਤੀਕਰਨ ਅੱਗੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਪਦਵੀ ਦਾ ਵੀ ਰਾਜਨੀਤੀਕਰਨ ਹੋ ਗਿਆ ਹੈ। ਇਸ ਰੁਝਾਨ ਨੂੰ ਖ਼ਤਮ ਕਰਕੇ ਜਥੇਦਾਰ ਸਾਹਿਬ ਨੇ ਸਿੱਖ ਧਰਮ, ਪੰਥ ਤੇ ਸਮੁੱਚੇ ਗੁਰਮਤਿ ਪਰਿਪੇਖ ਦੇ ਇਕ ਸਿਧਾਂਤਵੇਤਾ ਅਥਵਾ ਵਿਚਾਰਧਾਰਕ ਸਰੋਤ ਸ਼ਖ਼ਸੀਅਤ ਵਜੋਂ ਸਿੱਖ ਰਾਜਨੀਤੀ, ਸਿੱਖ ਸੱਤਾ, ਵਿਸ਼ਵ ਰਾਜਨੀਤੀ ਤੇ ਵਿਸ਼ਵ ਸੱਤਾ ਦੇ ਵੱਖ-ਵੱਖ ਸ਼ਕਤੀ ਕੇਂਦਰਾਂ ਅਤੇ ਇਨ੍ਹਾਂ ਦੀਆਂ ਨੀਤੀਆਂ ਨੂੰ ਸਿੱਧੇ-ਅਸਿੱਧੇ ਰੂਪ ਵਿਚ ਪ੍ਰਭਾਵਿਤ ਕਰਨਾ ਹੈ ਅਤੇ ਇਨ੍ਹਾਂ ਨੂੰ ਵਿਸ਼ੇਸ਼ ਤਰ੍ਹਾਂ ਦੀ ਦਿਸ਼ਾ ਦਿੰਦੇ ਰਹਿਣਾ ਹੈ।

ਇਹ ਇਕ ਵੱਡਾ ਅਤੇ ਅਤਿ ਮਹੱਤਵਪੂਰਨ ਮੁੱਦਾ ਹੈ, ਜਿਸ ਨਾਲ ਸਿੱਖ ਪੰਥ ਅਤੇ ਮਾਨਵ ਜਾਤੀ ਦਾ ਭਵਿੱਖ ਵੀ ਜੁੜਿਆ ਹੋਇਆ ਹੈ। ਸਮਕਾਲੀ ਪੰਥਕ ਸੰਸਥਾਵਾਂ ਅਤੇ ਰੌਸ਼ਨ ਬੁੱਧੀ ਵਾਲੇ ਵਿਦਵਾਨਾਂ ਅਤੇ ਆਗੂਆਂ ਨੂੰ ਮਿਲ ਬੈਠ ਕੇ ਵਿਚਾਰ ਕਰਨ ਦੀ ਲੋੜ ਹੈ। ਜਿਸ ਪੰਥਕ ਰਾਜ-ਸਿੰਘਾਸਣ ਦੇ ਸ੍ਰੀ ਅਕਾਲ ਤਖ਼ਤ ਸਾਹਿਬ ‘ਬਿੰਬ’ ਹਨ, ਉਹ ਸਿੱਖ ਪੰਥ ਅਤੇ ਮਾਨਵ ਜਾਤੀ ਨੂੰ ਭਵਿੱਖ ਵਿਚ ਸਮੇਂ ਦੀਆਂ ਲੋੜਾਂ ਅਨੁਸਾਰ ਕਿਵੇਂ ਦਿਸ਼ਾ ਦੇਣਗੇ, ਇਸ ਬਾਰੇ ਸਾਰੇ ਪੰਥ ਨੂੰ ਵਿਚਾਰ ਕਰਨ ਦੀ ਲੋੜ ਹੈ।

***ਡਾਇਰੈਕਟਰ ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼, ਸ੍ਰੀ ਅਨੰਦਪੁਰ ਸਾਹਿਬ।**
**ਫ਼ੋਨ : 98725-91713**

# ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ ॥



ਭਾਈ ਅਮਰੀਕ ਸਿੰਘ ਅੰਬਾਲਾ

ਅੰਮ੍ਰਿਤ ਕੇਵਲ ਖੰਡੇ ਬਾਟੇ ਦਾ ਲੈਣਾ, ਕੇਵਲ ਪੰਜ ਪਿਆਰਿਆਂ ਤੋਂ ਹੀ (ਕਿਸੇ ਇਕੱਲੇ ਸੱਜਣ ਤੋਂ ਨਹੀਂ) ਤੇ ਜੋ ਉਪਦੇਸ਼ ਰਹਿਤ ਸਬੰਧੀ ਪੰਚਾਂ ਵਲੋਂ ਮਿਲੇ, ਉਸ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੇ। ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਚਾਂ ਵਲੋਂ ਪੰਜ ਕਕਾਰਾਂ ਦੀ ਰਹਿਤ, ਚਾਰ ਬੱਜਰ ਕੁਰਹਿਤਾਂ ਤੋਂ ਸਾਵਧਾਨ, ਨਿੱਤਨੇਮ, ਸਿਮਰਨ-ਅਭਿਆਸ ਤੇ ਹੋਰ ਗੁਰਮਤਿ ਰਹਿਣੀ ਦੀਆਂ ਹਦਾਇਤਾਂ (ਸ਼ਰਤਾਂ) ਬਾਰੇ ਅੰਮ੍ਰਿਤ ਅਭਿਲਾਖੀ ਨੂੰ ਵਿਸਥਾਰ ਵਿਚ ਜਾਣੂ ਕਰਵਾਇਆ ਜਾਂਦਾ ਹੈ, ਜਿਸ ਨਾਲ ਸਿੱਖ ਤੇ ਗੁਰੂ ਸਾਹਿਬ ਵਿਚਕਾਰ ਇਕ ਮਹਿਦੂਦ (Divine Agreement) ਹੋ ਜਾਂਦਾ ਹੈ, ਜਿਸ ਦੀਆਂ ਸ਼ਰਤਾਂ (terms & Condition) ਵੀ ਹਨ। ਇਹ ਸਮਝੌਤਾ ਦਰਗਾਹ ਵਿਚ ਵੀ ਬਕਾਇਦਾ ਨੋਟ ਹੋ ਜਾਂਦਾ ਹੈ।

ਅਕਾਲ ਪੁਰਖ ਵਾਹਿਗੁਰੂ ਜੀ ਨੇ ਆਪਣੀ ਮੌਜ ਅੰਦਰ ਕੁਦਰਤ ਦੀ ਰਚਨਾ ਕੀਤੀ; ਬੇਅੰਤ ਖੰਡ, ਮੰਡਲ, ਬ੍ਰਹਿਮੰਡ, ਪੌਣ, ਪਾਣੀ, ਅਗਨੀ, ਆਕਾਸ਼, ਪਾਤਾਲ ਇਤਿਆਦਿ ਸਾਜਦਿਆਂ ਭਾਂਤ-ਭਾਂਤ ਦੇ ਜੀਵਾਂ ਦੀਆਂ ਚੁਰਾਸੀ ਲੱਖ ਜੂਨੀਆਂ ਪੈਦਾ ਕੀਤੀਆਂ। ਮਨੁੱਖਾ ਜੂਨੀ ਇਨ੍ਹਾਂ ਦੀ ਸਿਰਮੌਰ ਸ਼੍ਰੇਣੀ ਸਾਜੀ। ਸਮੇਂ-ਸਮੇਂ ਧਾਰਮਿਕ ਹਸਤੀਆਂ ਨੇ ਆ ਕੇ ਮਨੁੱਖਾਂ ਨੂੰ ਇਸ ਅਮੋਲਕ ਮੌਕੇ ਦਾ ਲਾਭ ਲੈਣ ਲਈ ਸੁਚੇਤ ਕਰਨ ਦਾ ਉਪਰਾਲਾ ਆਰੰਭਿਆ।

- **ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥**
  **ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥੨॥ (॥੧੯॥੧॥੫॥)**
  **(ਮਾਰੂ ਸੋਲਹੇ ਮ: ੫, ਅੰਗ: ੧੦੭੫)**
- **ਲਖ ਚਉਰਾਸੀਹ ਜੋਨਿ ਭ੍ਰਮਿ ਆਇਓ॥ ਅਬ ਕੇ ਛੁਟਕੇ ਠਉਰ ਨ ਠਾਇਓ॥੩॥ (॥੪॥੧॥੧੧॥੬੨॥)**
  **(ਭਗਤ ਕਬੀਰ ਜੀ, ਗਉੜੀ ੯, ਅੰਕ: ੩੩੭)**
- **ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
  **ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥ (ਸਲੋਕ ਭਗਤ ਕਬੀਰ ਜੀਉ ਕੇ, ਅੰਗ: ੧੩੬੬)**
- **ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥੧॥ (ਸਲੋਕ ਸੇਖ ਫਰੀਦ ਕੇ, ਅੰਗ: ੧੩੭੭)**

ਇਸ ਤਰ੍ਹਾਂ ਦੀਆਂ ਆਵਾਜ਼ਾਂ- ਚਿਤਾਵਨੀਆਂ ਅਕਸਰ ਸਾਡੇ ਕੰਨੀਂ ਪੈਂਦੀਆਂ ਰਹਿੰਦੀਆਂ ਹਨ। ਇਕ ਸ਼੍ਰੇਣੀ ਤਾਂ ਉਨ੍ਹਾਂ ਮਨੁੱਖਾਂ ਦੀ ਹੈ ਜੋ ਸੁਣਨ ਦੇ ਬਾਵਜੂਦ ਕਦੇ ਵੀ ਅਮਲ ਨਹੀਂ ਕਰਦੇ, ਜਿਵੇਂ ਕਿ ਕਸਮ ਖਾਧੀ ਹੋਵੇ।

ਦੂਜੀ ਸ਼੍ਰੇਣੀ ਉਨ੍ਹਾਂ ਦੀ ਹੈ ਜੋ ਮਨੁੱਖਾ ਦੇਹੀ ਦੇ ਦੁਰਲੱਭ ਮੌਕੇ ਦਾ ਲਾਭ ਲੈਣ ਲਈ ਕੁਝ ਸੁਚੇਤ ਤਾਂ ਹਨ; ਭਾਵ ਰੋਮਾਂ ਦੀ ਬੇਅਦਬੀ ਨਹੀਂ ਕਰਦੇ, ਗੁਰਦੁਆਰੇ ਵੀ ਆਉਂਦੇ ਹਨ, ਸ਼ਰਾਬ ਇਤਿਆਦਿ ਨਸ਼ਿਆਂ ਤੋਂ ਵੀ ਗੁਰੇਜ਼ ਕਰਦੇ ਹਨ। ਪਰ ਦੁਬਿਧਾ ਵਿਚ ਹੋਣ ਕਾਰਨ ਬਿਰਧ ਉਮਰ ਵਿਚ ਪਹੁੰਚਣ ਦੇ ਬਾਵਜੂਦ ਸਿੱਖ ਧਰਮ ਵਿਚ ਵਿਧੀ ਪੂਰਵਕ ਦਾਖ਼ਲਾ ਨਹੀਂ ਲੈਂਦੇ। ਤੀਜੀ ਸ਼੍ਰੇਣੀ ਹੈ ਆਗਿਆਕਾਰ ਸਫਲ ਗੁਰਸਿੱਖਾਂ ਦੀ।

ਗੁਰਬਾਣੀ ਦੇ ਚਾਨਣ ਵਿਚ ਇਸ ਸੰਦਰਭ ਵਿਚ ਕੁਝ ਜ਼ਰੂਰੀ ਨੁਕਤਿਆਂ ਨੂੰ ਵਾਚਣ ਦੀ ਲੋੜ ਹੈ:

## ੧. ਬਿਨੁ ਗੁਰ ਦੀਖਿਆ ਕੈਸੇ ਗਿਆਨੁ

ਕਿਸੇ ਪ੍ਰਕਾਰ ਦੀ ਵਿਦਿਆ ਪ੍ਰਾਪਤ ਕਰਨ ਲਈ ਸਕੂਲ, ਕਾਲਜ, ਯੂਨੀਵਰਸਿਟੀ ਜਾਂ

ਸਿੱਖਿਆ ਕੇਂਦਰ ਵਿਚ ਦਾਖ਼ਲਾ ਲੈਣਾ ਪੈਂਦਾ ਹੈ। ਇਵੇਂ ਹੀ ਦੀਖਿਆ; ਭਾਵ ਸਿੱਖਿਆ ਗੁਰੂ ਤੋਂ ਲੈਣ ਲਈ ਵੀ ਗੁਰਮਤਿ ਦੁਆਰਾ ਦਰਸਾਈ ਵਿਧੀ ਮੁਤਾਬਕ ਦਾਖ਼ਲਾ (Registration) ਜ਼ਰੂਰੀ ਹੈ। ਉਪਰੋਕਤ ਗੁਰਵਾਕ ਤੋਂ ਸਪੱਸ਼ਟ ਹੈ ਕਿ ਗੁਰ-ਦੀਖਿਅਤ ਹੋਏ ਬਗ਼ੈਰ ਆਤਮਕ ਗਿਆਨ ਦੀ ਪ੍ਰਾਪਤੀ ਨਹੀਂ।

**• ਗੁਰ ਦੀਖਿਆ ਲੈ ਸਿਖ ਸਿਖੁ ਸਦਾਇਆ॥**
**(ਭਾਈ ਗੁਰਦਾਸ ਜੀ, ਵਾਰ ੩, ਪਉੜੀ: ੧੧)**

## ੨. ਨਿਗੁਰੇ ਕਾ ਹੈ ਨਾਉ ਬੁਰਾ

ਗੁਰਬਾਣੀ ਵਿਚ ਆਏ ਇਸ ਵਿਸ਼ੇ ’ਤੇ ਬੇਅੰਤ ਗੁਰਵਾਕ ਹਨ, ਜਿਨ੍ਹਾਂ ਵਿਚੋਂ ਕੁਝ ਕੁ ਇਹ ਹਨ:

**• ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ ( ॥੧੮॥੧॥੨॥) (ਰਾਗੁ ਆਸਾ ਮ: ੩ ਪਟੀ, ਅੰਗ: ੪੩੫)**

**• ਮਾਈ ਗੁਰ ਬਿਨੁ ਗਿਆਨੁ ਨ ਪਾਈਐ॥**
**ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ ॥੧॥ ( ॥੨॥੨੨॥)**
**(ਦੇਵਗੰਧਾਰੀ ਮ: ੫, ਅੰਗ: ੫੩੨)**

**• ਬਿਨੁ ਗੁਰ ਭਰਮੈ ਆਵੈ ਜਾਇ॥ ਬਿਨੁ ਗੁਰ ਘਾਲ ਨ ਪਵਈ ਥਾਇ॥**
**ਬਿਨੁ ਗੁਰ ਮਨੂਆ ਅਤਿ ਡੋਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥**
**ਬਿਨੁ ਗੁਰ ਬਿਸੀਅਰੁ ਡਸੈ ਮਰਿ ਵਾਟ॥ ਨਾਨਕ ਗੁਰ ਬਿਨੁ ਘਾਟੇ ਘਾਟ ॥੩੮॥**
**(ਰਾਮਕਲੀ ਮ: ੧ ਸਿਧ ਗੋਸਟਿ, ਅੰਗ: ੯੪੨)**

**• ਬਿਨੁ ਗੁਰ ਦਾਤੇ ਕੋਇ ਨ ਪਾਏ॥ ਲਖ ਕੋਟੀ ਜੇ ਕਰਮ ਕਮਾਏ॥**
**ਗੁਰ ਕਿਰਪਾ ਤੇ ਘਟ ਅੰਤਰਿ ਵਸਿਆ ਸਬਦੇ ਸਚੁ ਸਾਲਾਹਾ ਹੇ ॥੧੫॥ ( ॥੧੬॥੪॥੧੩॥)**
**(ਮਾਰੂ ਮ: ੩, ਅੰਗ: ੧੦੫੭)**

**• ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥੧॥ ( ॥੪॥੫॥੭॥)**
**(ਗੋਂਡ ਮ: ੫, ਅੰਗ: ੮੬੪)**

**• ਗੁਰਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥**
**ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥੩੩॥**
**(ਸਲੋਕ ਸਹਸਕ੍ਰਿਤੀ ਮ: ੫, ਅੰਗ: ੧੩੫੬)**
**(*ਕੂਕਰਹ = ਕੁੱਤਾ, ਸੂਕਰਹ = ਸੂਰ, ਗਰਧਭਹ = ਗਧਾ, ਕਾਕਹ = ਕਾਂ, ਸਰਪਨਹ = ਸੱਪ, ਤੁਲਿ= ਬਰਾਬਰ, ਖਲਹ = ਮੂਰਖ।)**

## ੩. ਸਮਰੱਥ (ਪੂਰੇ) ਗੁਰੂ ਬਾਝੋਂ ਕਲਿਆਣ ਨਹੀਂ

**• ਕੇਤੇ ਗੁਰ ਚੇਲੇ ਫੁਨਿ ਹੂਆ॥ ਕਾਚੇ ਗੁਰ ਤੇ ਮੁਕਤਿ ਨ ਹੂਆ॥...॥੨੧॥ ( ॥੫੪॥੧॥)**
**(ਰਾਮਕਲੀ ਮ: ੧ ਦਖਣੀ ਓਅੰਕਾਰੁ, ਅੰਗ: ੯੩੨)**

**• ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਸਚੈ ਸਬਦਿ ਸਚਿ ਸਮਾਇ ॥੧॥ ( ॥੪॥੮॥)**
**(ਵਡਹੰਸੁ ਮ: ੩, ਅੰਗ: ੫੬੦)**

**• ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਜੋਗ ਜੁਗਤਿ ਸਚਿ ਰਹੈ ਸਮਾਇ॥...॥੩੪॥**
**(ਰਾਮਕਲੀ ਮ: ੧ ਸਿਧ ਗੋਸਟਿ, ਅੰਗ: ੯੪੧)**

**• ਪੂਰੇ ਗੁਰ ਕਾ ਸੁਨਿ ਉਪਦੇਸੁ॥...॥੧॥ ( ॥੮॥੨੪॥)**
**(ਗਉੜੀ ਸੁਖਮਨੀ ਮ: ੫, ਅੰਗ: ੨੯੫)**

**• ਅੰਮ੍ਰਿਤ ਗੁਣ ਉਚਰੈ ਪ੍ਰਭ ਬਾਣੀ॥ ਪੂਰੇ ਗੁਰ ਕੀ ਸੁਮਤਿ ਪਰਾਣੀ ॥੧॥ ( ॥੪॥੨੭॥੯੬॥)**
**(ਗਉੜੀ ਗੁਆਰੇਰੀ ਮ: ੫, ਅੰਗ: ੧੮੪)**

**• ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥...॥੧॥**
**(ਸਲੋਕੁ ਮ: ੩, ਅੰਗ: ੫੧੫)**

**• ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥...॥੨॥ ( ॥੪॥੭॥੭੭॥)**
**(ਸ੍ਰੀਰਾਗੁ ਮ: ੫, ਅੰਗ: ੪੪)**

**• ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥**
**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥੫॥ ( ॥੮॥੪॥)**
**(ਨਟ ਮ: ੪, ਅੰਗ: ੯੮੨)**

**• ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥...॥੨॥ ( ॥੪॥੧੮॥)**
**(ਗਉੜੀ ਕਬੀਰ ਜੀ, ਅੰਗ: ੩੨੭)**

**• ਸੋ ਮੁਕਤੁ ਨਾਨਕ ਜਿਸੁ ਸਤਿਗੁਰੁ ਚੰਗਾ ॥੨॥੩॥੩੬॥**
**(ਕਾਨੜਾ ਮ: ੫, ਅੰਗ: ੧੩੦੫)**

**• ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ॥...॥੮॥ ( ॥੨੨॥)**
**(ਸਲੋਕ ਮ: ੫, ਅੰਗ: ੧੪੨੫)**

**• ਪੂਰਾ ਸਤਿਗੁਰ ਜਾਣੀਐ ਪੂਰੇ ਪੂਰਾ ਥਾਟ ਬਣਾਇਆ॥**
**ਪੂਰੇ ਪੂਰਾ ਸਾਧਸੰਗੁ ਪੂਰੇ ਪੂਰਾ ਮੰਤ੍ਰ ਦ੍ਰਿੜਾਇਆ॥**
**ਪੂਰੇ ਪੂਰਾ ਪਿਰਮ ਰਸੁ ਪੂਰਾ ਗੁਰਮੁਖਿ ਪੰਥੁ ਚਲਾਇਆ॥**
**ਪੂਰੇ ਪੂਰਾ ਦਰਸਣੋ ਪੂਰੇ ਪੂਰਾ ਸਬਦੁ ਸੁਣਾਇਆ॥**
**ਪੂਰੇ ਪੂਰਾ ਬੈਹਣਾ ਪੂਰੇ ਪੂਰਾ ਤਖਤੁ ਰਚਾਇਆ॥**
**(ਭਾਈ ਗੁਰਦਾਸ ਜੀ, ਵਾਰ ੬, ਪਉੜੀ ੧)**

## ੪. ਮਾਰਗ ਸਪੱਸ਼ਟ, ਸਿੱਧਾ, ਭਰਮ-ਰਹਿਤ, ਪਾਖੰਡ-ਰਹਿਤ, ਪੂਰਨ ਕਲਿਆਣਕਾਰੀ ਹੋਵੇ

**• ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥...॥੩॥ ( ॥੮॥੮॥)**
**(ਸਿਰੀਰਾਗੁ ਮ: ੧, ਅੰਗ: ੫੮)**

**• ਕਾਗਰ ਨਾਵ ਲੰਘਹਿ ਕਤ ਸਾਗਰੁ ਬ੍ਰਿਥਾ ਕਥਤ ਹਮ ਤਰਤੇ ॥੨॥ ( ॥੩॥੪॥)**
**(ਮਲਾਰ ਮ: ੫, ਅੰਗ: ੧੨੬੭)**

ਕਾਗਜ਼ ਦੀ ਬੇੜੀ ’ਤੇ ਚੜ੍ਹ ਕੇ ਕਿਵੇਂ ਸਮੁੰਦਰ ਤੋਂ ਪਾਰ ਲੰਘ ਸਕਦੇ ਹਨ? ਉਹ ਵਿਅਰਥ ਆਖਦੇ ਹਨ ਕਿ ਅਸੀਂ ਲੰਘ ਰਹੇ ਹਾਂ।

**• ਚੂਹਾ ਖਡ ਨ ਮਾਵਈ ਤਿਕਲਿ ਬੰਨੈ੍ ਛਜ॥...॥੧॥**
**(ਸਲੋਕ ਮ: ੧, ਅੰਗ: ੧੨੮੬)**

ਕੱਚੇ-ਪਾਖੰਡੀ ਗੁਰੂਆਂ ਦੀ ਹਾਲਤ ਦੱਸਦਿਆਂ ਕਿਹਾ ਹੈ ਕਿ ਜੋ ਚੂਹਾ (ਆਪ ਹੀ) ਖੁੱਡ ਵਿਚ ਸਮਾ (ਵੜ) ਨਹੀਂ ਸਕਦਾ ਤੇ ਉੱਤੋਂ ਲੱਕ ਨਾਲ ਛੱਜ ਬੰਨ੍ਹ ਲੈਂਦਾ ਹੈ, ਭਾਵ ਪਿੱਛੇ ਚੇਲੇ ਲਾ ਲੈਂਦਾ ਹੈ ਕਿ ਪਾਰ ਕਰਾਵਾਂਗਾ।

**• ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥...॥੧॥ ( ॥੪॥੪॥)**
**(ਬਿਲਾਵਲੁ ਮ: ੩, ਅੰਗ: ੭੯੭)**

**• ਕਲਜੁਗਿ ਜਹਾਜੁ ਅਰਜੁਨੁ ਗੁਰੂ ਸਗਲ ਸ੍ਰਿਸ੍ਟਿ ਲਗਿ ਬਿਤਰਹੁ ॥੨॥**
**(ਸਵਈਏ ਮਹਲੇ ਪੰਜਵੇ ਕੇ ੫, ਅੰਗ: ੧੪੦੮)**

ਇਸ ਗੁਰੂ ਜਹਾਜ਼ ਦੀ ਸਮਰੱਥਾ (Capacity) ਇੰਨੀ ਕਿ ਸਾਰੀ ਸ੍ਰਿਸ਼ਟੀ ਵੀ ਵਿਚ ਬਹਿ ਜਾਵੇ, ਤਰ ਜਾਵੇਗੀ।

**• ਸਤਿਗੁਰੁ ਪੁਰਖੁ ਅਚਲੁ ਅਚਲਾ ਮਤਿ ਜਿਸੁ ਦ੍ਰਿੜਤਾ ਨਾਮੁ ਅਧਾਰੇ॥...॥੩॥ ( ॥੫॥੩॥)**
**(ਸਾਰਗ ਮ: ੪, ਅੰਗ: ੧੧੯੯)**

**• ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ॥...॥੧॥**
**(ਸਲੋਕ ਮ: ੩, ਅੰਗ: ੫੪੮)**

ਧੁਰ ਦਰਗਾਹੋਂ ਆਈ ਗੁਰੂ ਕੀ ਮਤ ਅਚੱਲ (ਸਦਾ ਕਾਇਮ ਰਹਿਣ ਵਾਲੀ ਹੈ) ਇਸ ਨੂੰ ਕੋਈ ਬਦਲ ਨਹੀਂ ਸਕਦਾ। ਦੁਨਿਆਵੀ ਸੰਵਿਧਾਨ ਵਿਚ ਨਿੱਤ ਤਬਦੀਲੀ ਹੁੰਦੀ ਰਹਿੰਦੀ ਹੈ। ਪਰ ਅਕਾਲ ਪੁਰਖ ਦਾ ਸੰਵਿਧਾਨ, ਉਸ ਦਾ ਸਿਧਾਂਤ ਅਟੱਲ ਹੈ।

## ੫. ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥

**ਪ੍ਰਥਮ ਰਹਿਤ ਯਹਿ ਜਾਨ ਖੰਡੇ ਕੀ ਪਾਹੁਲ ਛਕੇ॥**
**ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ॥**

**ਪਾਂਚ ਸਿੰਘ ਅੰਮ੍ਰਿਤ ਜੋ ਦੇਵੈਂ ਤਾਂ ਕੋ ਸਿਰ ਧਰ ਛਕ ਪੁਨ ਲੇਵੈ ॥**

**ਪੁਨ ਮਿਲ ਪਾਂਚੋ ਰਹਿਤ ਜੋ ਭਾਖੈ ਤਾਂ ਕੋ ਮਨ ਮੇਂ ਦ੍ਰਿੜ ਕਰ ਰਾਖੈ ॥**

**(ਰਹਿਤਨਾਮਾ ਭਾਈ ਦੇਸਾ ਸਿੰਘ ਜੀ)**

ਉਪਰੋਕਤ ਫ਼ਰਮਾਨ ਤੋਂ ਸਪੱਸ਼ਟ ਹੈ ਕਿ ਅੰਮ੍ਰਿਤ ਕੇਵਲ ਖੰਡੇ ਬਾਟੇ ਦਾ ਲੈਣਾ, ਕੇਵਲ ਪੰਜ ਪਿਆਰਿਆਂ ਤੋਂ ਹੀ (ਕਿਸੇ ਇਕੱਲੇ ਸੱਜਣ ਤੋਂ ਨਹੀਂ) ਤੇ ਜੋ ਉਪਦੇਸ਼ ਰਹਿਤ ਸਬੰਧੀ ਪੰਚਾਂ ਵਲੋਂ ਮਿਲੇ, ਉਸ ਨੂੰ ਮਨ ਵਿਚ ਦ੍ਰਿੜ੍ਹ ਕਰਕੇ ਰੱਖੇ। ਅੰਮ੍ਰਿਤ ਸੰਚਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਚਾਂ ਵਲੋਂ ਪੰਜ ਕਕਾਰਾਂ ਦੀ ਰਹਿਤ, ਚਾਰ ਬੱਜਰ ਕੁਰਹਿਤਾਂ ਤੋਂ ਸਾਵਧਾਨ, ਨਿੱਤਨੇਮ, ਸਿਮਰਨ-ਅਭਿਆਸ ਤੇ ਹੋਰ ਗੁਰਮਤਿ ਰਹਿਣੀ ਦੀਆਂ ਹਦਾਇਤਾਂ (ਸ਼ਰਤਾਂ) ਬਾਰੇ ਅੰਮ੍ਰਿਤ ਅਭਿਲਾਖੀ ਨੂੰ ਵਿਸਥਾਰ ਵਿਚ ਜਾਣੂ ਕਰਵਾਇਆ ਜਾਂਦਾ ਹੈ, ਜਿਸ ਨਾਲ ਸਿੱਖ ਤੇ ਗੁਰੂ ਸਾਹਿਬ ਵਿਚਕਾਰ ਇਕ ਮਹਿਦੂਦ (Divine Agreement) ਹੋ ਜਾਂਦਾ ਹੈ, ਜਿਸ ਦੀਆਂ ਸ਼ਰਤਾਂ (terms & Condition) ਵੀ ਹਨ। ਇਹ ਸਮਝੌਤਾ ਦਰਗਾਹ ਵਿਚ ਵੀ ਬਕਾਇਦਾ ਨੋਟ ਹੋ ਜਾਂਦਾ ਹੈ।

ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਏ ਬੇਅੰਤ ਸ਼ਬਦਾਂ ਵਿਚ ਬਹੁਤ ਸਾਰੀਆਂ ਸ਼ਰਤਾਂ ਵੀ ਮੌਜੂਦ ਹਨ, ਜਿਵੇਂ ਕਿ:

**• ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥... ॥੪ ॥੨੯ ॥੯੯ ॥**

**(ਸਿਰੀਰਾਗੁ ਮ: ੫, ਅੰਗ: ੫੨)**

**• ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫ ॥**

**(ਸਲੋਕ ਸੇਖ ਫਰੀਦ ਕੇ, ਅੰਗ: ੧੩੮੨)**

**• ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ ॥... ॥੭ ॥**

**(ਮਾਰੂ ਵਾਰ ਮ: ੫ ਡਖਣੇ ਮ: ੫, ਅੰਗ: ੧੦੯੬)**

**• ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ ॥... ॥੧੫੮ ॥**

**(ਸਲੋਕ ਭਗਤ ਕਬੀਰ ਜੀਉ ਕੇ, ਅੰਗ: ੧੩੭੨)**

**• ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥... ॥੨੨ ॥ ( ॥੪੦ ॥੧ ॥)**

**(ਰਾਮਕਲੀ ਮ: ੩ ਅਨੰਦੁ, ਅੰਗ: ੯੨੦)**

**• ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥... ॥੨ ॥ ( ॥੪ ॥੬ ॥੭੬ ॥)**

**(ਸਿਰੀਰਾਗੁ ਮ: ੫, ਅੰਗ: ੪੪)**

ਇਕ ਪਾਸੇ ਗੁਰੂ ਸਾਹਿਬ ਤੇ ਦੂਜੇ ਪਾਸੇ ਸਿੱਖ (ਗੁਰੂ ਦੀ ਓਟ/ਰਹਿਮਤ ਸਦਕਾ) ਇਸ (Contract) ਮਹਿਦੂਦ ਨੂੰ ਨਿਭਾਉਂਦੇ ਹਨ।

ਦਸਮੇਸ਼ ਪਿਤਾ ਜੀ ਦੇ ਕੁਝ ਫ਼ਰਮਾਨ ਇਉਂ ਹਨ:

**• ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹੌ ਕਰੌ ਨਿਵਾਸ ॥ (ਪੂਰਾ ਸ਼ਬਦ ਵੀਚਾਰੀਏ)**

**• ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਉ ਮੈਂ ਸਾਰਾ ॥**

**• ਮੋ ਗ੍ਰਹਿ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਭ ਹੀ ਇਨਹੀ ਕੋ ॥੬੪੫ ॥**

**• ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋ ਸੋ ਗਰੀਬ ਕਰੋਰ ਪਰੇ ॥੨ ॥**

ਕਿੰਨੀ ਵਡਿਆਈ ਬਖ਼ਸ਼ੀ ਹੈ ਸਤਿਗੁਰਾਂ ਨੇ ਆਪਣੇ ਖ਼ਾਲਸੇ ਨੂੰ। ਪ੍ਰੰਤੂ ਯਾਦ ਰੱਖੀਏ ਕਿ ਗੁਰੂ ਸਾਹਿਬ ਆਪਣਾ ਪੂਰਾ ਤੇਜ ਪ੍ਰਤਾਪ ਸਿੱਖ ਨੂੰ ਉਦੋਂ ਤੱਕ ਦੇਣਗੇ ਜਦੋਂ ਤੱਕ ਖ਼ਾਲਸਾ- ਸ਼ੁੱਧ (Pure) ਹੈ। ਜਦੋਂ ਤੱਕ ਖ਼ਾਲਸਾ ਨਿਆਰਾ, ਭਾਵ ਗ਼ਲਤ ਸੰਗਤ ਤੋਂ ਬਚਿਆ ਹੋਇਆ ਹੈ।

**• ਰਹਿਣੀ ਰਹੈ ਸੋਈ ਸਿਖ ਮੇਰਾ ॥ ਉਹ ਠਾਕੁਰੁ ਮੈ ਉਸ ਕਾ ਚੇਰਾ ॥**

**• ਰਹਿਤ ਪਿਆਰੀ ਮੁਝ ਕਉ ਸਿਖ ਪਿਆਰਾ ਨਾਹਿ ॥**

**(ਰਹਿਤਨਾਮਾ ਭਾਈ ਦੇਸਾ ਸਿੰਘ ਜੀ)**

ਇਨਸਾਨੀਅਤ ਨਾਤੇ ਬੇਸ਼ੱਕ ਆਪਣੇ ਚੌਗਿਰਦੇ ਲੋਕਾਂ ਨਾਲ ਮਿਲਦਾ ਵਰਤਦਾ ਹੈ, ਆਪਣੇ ਫ਼ਰਜ਼ ਤੋਂ ਕੋਤਾਹੀ ਨਹੀਂ ਕਰਦਾ, ਪਰ ਨਿਗੁਰਿਆਂ-ਵੇਦੀਨਾਂ ਨਾਲ ਰੋਟੀ-ਬੇਟੀ ਦੀ ਸਾਂਝ ਵੀ ਨਹੀਂ ਕਰਦਾ। ਗੁਰਵਾਕ ਹੈ:

**• ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥**

**ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥**

**ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥... ॥੧ ॥**

**(ਸਲੋਕ ਮ: ੧, ਅੰਗ: ੭੯੦)**

ਚੋਰਾਂ, ਡਾਕੂਆਂ, ਲੁੱਚੇ ਬੰਦਿਆਂ, ਵਿਭਚਾਰਨ ਔਰਤਾਂ ਇਤਿਆਦਿ ਇਖ਼ਲਾਕ ਤੋਂ ਡਿੱਗੇ ਲੋਕਾਂ ਦਾ ਆਪਸ ਵਿਚ ਵਰਤ-ਵਿਹਾਰ ਹੁੰਦਾ ਹੈ ਤੇ ਇਨ੍ਹਾਂ ਦਾ ਆਪਸ ਵਿਚ ਖਾਣ-ਪੀਣ ਹੁੰਦਾ ਹੈ। ਵਾਹਿਗੁਰੂ ਦੀ ਸਿਫ਼ਤ ਸਾਲਾਹ ਦੀ ਸੂਝ ਨਹੀਂ ਹੁੰਦੀ। ਇਨ੍ਹਾਂ ਨਾਲ ਜੇ ਕੋਈ ਦੋਸਤੀ, ਖਾਣ-ਪੀਣ ਦੀ ਸਾਂਝ ਕਰੇ, ਉਸ ਵਿਚ ਵੀ ਸ਼ੈਤਾਨ ਦਾ ਵਾਸਾ ਹੋ ਜਾਵੇਗਾ। ਨਾਮ ਤੇ ਬਾਣੀ ਦਾ ਪ੍ਰਵਾਹ ਰੁਕ ਸਕਦਾ ਹੈ।

**• ਰਲੈ ਜੁ ਸੰਗਤਿ ਮੀਣਿਆ ਉਠਿ ਚਲੈ ਨਿਰਾਸਾ ॥੭ ॥ (ਭਾਈ ਗੁਰਦਾਸ ਜੀ, ਵਾਰ ੩੬, ਪਉੜੀ ੭)**

**• ਝੜਿ ਝੜਿ ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥੧ ॥ ( ॥੨੨ ॥)**

**(ਸਲੋਕ ਮ: ੫, ਅੰਗ: ੧੪੨੫)**

ਮਾੜੀ ਸੰਗਤ ਦਾ ਅਸਰ ਵੱਧਦਿਆਂ-ਵੱਧਦਿਆਂ ਕਿਸੇ ਚੰਗੇ ਜਗਿਆਸੂ ਨੂੰ ਵੀ ਚੜ੍ਹਦੀ ਕਲਾ ਤੋਂ ਡੇਗਦਿਆਂ ਢਹਿੰਦੀ ਕਲਾ, ਨਿਗਰਦੀ ਕਲਾ ਵਿਚ ਪਹੁੰਚਾ ਸਕਦਾ ਹੈ। ਆਮ ਗੁਰਸਿੱਖ ਇਸ ਗੁਰਵਾਕ ਨੂੰ ਸੋਹਿਲਾ ਸਾਹਿਬ ਪੜ੍ਹਨ ਤੋਂ ਪਹਿਲਾਂ ਉਚਾਰਦੇ ਹਨ:

**• ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**

**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧ ॥**

**(ਗਉੜੀ ਬਾਵਨ ਅਖਰੀ ਮ: ੫, ਅੰਗ: ੨੫੬)**

ਪ੍ਰੰਤੂ ਜੇਕਰ ਮੀਣਿਆਂ/ ਡਿੱਗੇ ਢੱਠਿਆਂ ਦੀ ਸੰਗਤ ਵਿਚ ਪੈ ਗਿਆ ਤਾਂ ਧਰਮਰਾਜ ਦੀ ਕਚਹਿਰੀ ਵਿਚ ਪੇਸ਼ੀ ਭੁਗਤਣੀ ਪਵੇਗੀ। ਕਿੰਨੀ ਸ਼ਰਮਨਾਕ ਹਾਲਤ ਹੈ ਕੁਸੰਗੀਆਂ ਦੀ:

**ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮਰਾਇ ॥੨ ॥**

**(ਮ: ੫, ਅੰਗ: ੯੬੫)**

**(Becomes amenable to jurisdiction of Dharmraj.)**

**• ਅੰਧੀ ਕੰਮੀ ਅੰਧੁ ਮਨੁ ਮਨਿ ਅੰਧੈ ਤਨੁ ਅੰਧੁ ॥**

**ਚਿਕੜਿ ਲਾਇਐ ਕਿਆ ਥੀਐ ਜਾਂ ਤੁਟੈ ਪਥਰ ਬੰਧੁ ॥... ॥੩ ॥**

**(ਮ: ੧, ਅੰਗ: ੧੨੮੭)**

ਵੀਚਾਰਹੀਣ ਹੋ ਕੇ ਮੰਦੇ ਕੰਮ ਕਰਦਿਆਂ ਮਨ ਵੀ ਅੰਨ੍ਹਾ ਹੁੰਦਾ ਜਾਂਦਾ ਹੈ ਤੇ ਮਨ ਦੇ ਵੀਚਾਰਹੀਣ ਹੋਇਆਂ ਗਿਆਨ ਇੰਦਰੇ ਵੀ ਅੰਨ੍ਹੇ ਹੋ ਜਾਂਦੇ ਹਨ (ਭਾਵ ਅੱਖਾਂ, ਕੰਨ, ਨਾਸਕਾ, ਜਿਹਵਾ ਤੇ ਚਮੜੀ ਵੀ ਮੰਦੇ ਪਾਸੇ ਨੂੰ ਤੁਰ ਪੈਂਦੇ ਹਨ।)

ਜਦੋਂ ਪੱਥਰਾਂ ਦਾ ਬੰਨ੍ਹ (ਪ੍ਰਭੂ ਆਸਰਾ) ਟੁੱਟ ਗਿਆ ਤਾਂ ਚਿੱਕੜ ਲਾਇਆਂ (ਹੋਰ ਝੂਠੇ ਆਸਰੇ ਤੱਕਦਿਆਂ) ਕੁਝ ਨਹੀਂ ਬਣਦਾ।

ਜੋ ਜਗਿਆਸੂ ਕੁਸੰਗਤ ਵਿਚ ਰਲ ਕੇ ਗੁਰੂ ਸਾਹਿਬ ਨਾਲ ਹੋਏ ਮਹਿਦੂਦ (ਲਿਖਤ-ਪਟੇ/ ਸਮਝੌਤੇ) ਦੀਆਂ ਸ਼ਰਤਾਂ (Terms & Conditions) ਦੀ ਉਲੰਘਣਾ ਕਰ ਗਏ ਹੋਣ, ਉਨ੍ਹਾਂ ਲਈ ਇਹ ਜਾਣਨਾ ਜ਼ਰੂਰੀ ਹੈ ਕਿ:

**• ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ ॥**

**ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ ॥**

**ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ॥**

**ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥**

**ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥੨੨ ॥ ( ॥੪੦ ॥੧ ॥)**

**(ਰਾਮਕਲੀ ਮ: ੩ ਅਨੰਦੁ, ਅੰਗ: ੯੨੦)**

**• ਖਰੇ ਖਜਾਨੈ ਪਾਈਅਹਿ ਖੋਟੇ ਸਟੀਅਹਿ ਬਾਹਰ ਵਾਰਿ ॥**
**ਖੋਟੇ ਸਚੀ ਦਰਗਹ ਸੁਟੀਅਹਿ ਕਿਸੁ ਆਗੈ ਕਰਹਿ ਪੁਕਾਰ ॥**
**ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥**
**ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥**
**ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥**
**ਗਣਤ ਤਿਨਾ ਦੀ ਕੋ ਕਿਆ ਕਰੇ ਜੋ ਆਪਿ ਬਖਸੇ ਕਰਤਾਰਿ ॥੧੨ ॥**

**(ਵਾਰ ਮਾਝ ਕੀ ਤਥਾ ਸਲੋਕ ਮ: ੧, ਅੰਗ: ੧੪੩)**

**• ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰਿ ਵਸਾਇ ॥**
**ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ ॥... ॥੫ ॥ ( ॥੮ ॥੨ ॥)**

**(ਸੋਰਠਿ ਮ: ੫, ਅੰਗ: ੬੪੧)**

ਹੋ ਸਕਦਾ ਹੈ ਕਿ ਕੋਈ ਵੀ ਸੱਜਣ ਗੁਰ ਦੀਖਿਅਤ ਹੋਣ ਉਪਰੰਤ ਕਿਸੇ ਢਲਿਆਈ ਕਾਰਨ ਕੁਸੰਗਤ ਦੇ ਅੜਿੱਕੇ ਚੜ੍ਹ ਕੇ ਬੇਮੁਖਤਾ ਵੱਲ ਵੱਧ ਰਿਹਾ ਹੋਵੇ। ਪਹਾੜੀ ਰਸਤਾ ਹੋਵੇ, ਬਰਸਾਤ ਦੇ ਮੌਸਮ ਵਿਚ ਕੋਈ ਇਨਸਾਨ ਤਿਲਕ ਕੇ ਖੱਡ ਵਿਚ ਜਾ ਡਿੱਗੇ, ਡੂੰਘੀ ਸੱਟ ਖਾ ਕੇ ਉੱਠਣ ਜੋਗਾ ਨਹੀਂ ਰਹਿੰਦਾ। ਗੁਰਮਤਿ ਦਾ ਮਾਰਗ ਵੀ ਬਿਖੜੀ ਘਾਟੀ ਉਪਰ ਚੜ੍ਹਨ ਵਾਂਗ ਹੈ, ਚੋਰ, ਉਚੱਕੇ, ਸ਼ਿਕਾਰੀ, ਠੱਗ, ਧ੍ਰੋਹੀ ਤੱਤਾਂ ਤੋਂ ਵੀ ਬਚਣਾ ਹੈ। ਪਹਿਲੇ-ਪਹਿਲ ਸਿਲਾ ਅਲੂਣੀ ਚੱਟਣੀ ਪੈਂਦੀ ਹੈ। ਬਾਅਦ ਵਿਚ (ਬੇਸ਼ੱਕ) ਐਸਾ ਸਵਾਦ ਆਉਂਦਾ ਹੈ ਜਿਸ ਨੂੰ ਲੱਖਾਂ ਮੇਵੇ (ਫਲ) ਵੀ ਨਹੀਂ ਪੁੱਜ ਸਕਦੇ। ਇਸ ਅਧਿਆਤਮਕ ਮਾਰਗ 'ਤੇ ਤੁਰਨ ਲਈ ਹਰ ਪਲ, ਹਰ ਕਦਮ ਸਮਰੱਥ ਗੁਰੂ ਦੀ ਸਹਾਇਤਾ ਨਦਰਿ, ਰਹਿਮਤ, ਮਿਹਰ, ਫ਼ਜ਼ਲ ਦੀ ਸਖ਼ਤ ਲੋੜ ਹੈ।

**• ਉਦਮੁ ਕਰਉ ਕਰਾਵਹੁ ਠਾਕੁਰ ਪੇਖਤ ਸਾਧੂ ਸੰਗਿ ॥... ॥੧ ॥ ( ॥੪ ॥੪ ॥੧੩੯ ॥)**

**(ਆਸਾ ਮ: ੫, ਅੰਗ: ੪੦੫)**

**• ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥... ॥੧ ॥ ( ॥੫ ॥੫ ॥)**

**(ਰਾਗੁ ਸੋਰਠਿ ਬਾਣੀ ਭਗਤ ਰਵਿਦਾਸ ਜੀ ਕੀ, ਅੰਗ: ੬੫੮)**

ਨਿਮਖ-ਨਿਮਖ ਗੁਰੂ ਸਾਹਿਬ ਜੀ ਨੂੰ (ਉਨ੍ਹਾਂ ਦੀ ਕਿਰਪਾ ਨਾਲ) ਸਿਮਰਦੇ/ ਧਿਆਉਂਦੇ ਹੋਏ, ਜੋਦੜੀਆਂ ਕਰੀਏ ਕਿ ਕੁਸੰਗਤ ਤੋਂ ਬਚਾਅ ਕੇ ਰੱਖਣ, ਆਪਣੇ ਬਖ਼ਸ਼ੇ ਹੋਏ ਪਿਆਰਿਆਂ ਦੀ ਹੀ ਸੰਗਤ ਵਿਚ ਜੋੜੀ ਰੱਖਣ, ਨਿੱਤਨੇਮ, ਰਹਿਤ ਵਿਚ ਪ੍ਰਪੱਕਤਾ ਬਖ਼ਸ਼ਣ। ਕੁਰਹਿਤਾਂ ਤੋਂ ਸਦੈਵ ਆਪਣੇ ਕਰੜੇ ਹੱਥਾਂ ਨਾਲ ਹੋੜ ਕੇ ਰੱਖਣ। ਗੁਰਮਤਿ ਰਹੁ-ਰਹਿਣੀ (Discipline) ਬਖ਼ਸ਼ਣ। ਸਮੱਗਰ (ਪੂਰਨ) ਗੁਰਬਾਣੀ ਵਿਚ ਸਹਿਜ/ ਸਾਧਾਰਨ ਪਾਠ ਕਰਦਿਆਂ/ ਸੁਣਦਿਆਂ ਜੋ ਜੋ ਹਦਾਇਤਾਂ ਸਮਝ ਵਿਚ ਆਉਣ, ਸਾਵਧਾਨ ਹੋ ਕੇ ਉਨ੍ਹਾਂ 'ਤੇ ਪਹਿਰਾ ਦੇਣ ਲਈ ਯਤਨਸ਼ੀਲ ਹੋਈਏ।

ਧਰਮ ਦੇ ਮਾਰਗ 'ਤੇ ਤੁਰਦਿਆਂ Formality ਨਾ ਕਰੀਏ। ਭਾਵੇਂ ਪਾਠ ਕਰਦੇ ਹਾਂ, ਅਰਦਾਸ ਕਰਦੇ ਹਾਂ, ਕੀਰਤਨ-ਕਥਾ ਕਰਦੇ/ਸੁਣਦੇ ਹਾਂ, ਗੁਰਮੁਖਾਂ-ਸੰਗਤ ਨਾਲ ਵਿਚਰਦੇ ਹਾਂ- Formality ਨਾ ਕਰੀਏ।

ਪਾਠ ਕਰ ਛੱਡਿਆ-ਅਰਦਾਸ ਕਰ ਛੱਡੀ-ਨਿੱਤਨੇਮ ਨਿਬੇੜ ਛੱਡਿਆ। ਸਾਵਧਾਨ ਹੋ ਕੇ ਹੀ ਇਹ ਸਭ ਕੁਝ ਕਰਨ ਵਿਚ ਅਨੰਦ ਹੀ ਨਹੀਂ, ਪਰਮਅਨੰਦ ਆਵੇਗਾ।

ਪੁਰਾਤਨ ਗੁਰਮੁਖ ਰੰਗੁਲੇ ਸੱਜਣ ਅਕਸਰ ਆਪਣੇ ਸੰਗੀ-ਸਾਥੀਆਂ ਨੂੰ ਗੁਰ-ਹੁਕਮ ਕਮਾਉਣ ਪ੍ਰਤੀ ਸੁਚੇਤ ਹੋਣ, ਤੇ ਬਿਵਰਜਿਤ ਕੁਕਰਮਾਂ ਤੋਂ ਹੋੜ ਕੇ ਰੱਖਣ ਲਈ ਸਮੇਂ-ਸਮੇਂ ਤਾੜਨਾ ਕਰਦੇ ਰਹਿੰਦੇ ਸਨ ਜਿਵੇਂ ਕਿ, ਕੋਈ ਵੀ ਬੱਜਰ ਕੁਰਹਿਤ ਹੋਣ ਦੀ ਸੂਰਤ ਵਿਚ ਜਿੰਨੀ ਜਲਦੀ ਹੋ ਸਕੇ, ਪੰਚਾਂ ਅੱਗੇ ਪੇਸ਼ ਹੋ ਕੇ, ਸੱਚਾਈ ਦੱਸ ਕੇ ( ਭੁੱਲ ਜ਼ਾਹਰ ਕਰਕੇ) ਲੱਗੀ ਤਨਖ਼ਾਹ/ ਸੇਵਾ ਨੂੰ ਸਿਰ ਮੱਥੇ ਮੰਨ ਕੇ ਸੁਰਖ਼ਰੂ ਹੋਵੇ। ਕਿਸੇ ਝਿਜਕ ਕਾਰਨ ਜੇ ਪੇਸ਼ੀ ਦੌਰਾਨ ਕੁਝ ਲੁਕਾਈਏ ਜਾਂ ਡਰਦਿਆਂ ਕਦੇ ਪੇਸ਼ ਹੀ ਨਾ ਹੋਈਏ, ਇਸ ਦਾ ਅਸਹਿ ਖ਼ਮਿਆਜ਼ਾ ਭੁਗਤਣਾ ਪੈ ਸਕਦਾ ਹੈ, ਜੇਕਰ ਪਤਿਤ ਹੁੰਦੇ ਹੋਏ ਮੌਤ ਦੇ ਮੂੰਹ ਵਿਚ ਚਲੇ ਗਏ।

ਜੀਵਨ ਵਿਚ ਕੁਝ ਅਜਿਹੇ ਪ੍ਰਾਣੀ ਵੀ ਮਿਲੇ, ਜਿਨ੍ਹਾਂ ਨੂੰ ਇਕ ਅਜੀਬ ਦੁਬਿਧਾ ਸੀ ਕਿ ਪੰਚਾਂ ਦੇ ਸਨਮੁਖ ਦੁਬਾਰਾ ਪੇਸ਼ੀ ਲੈਣ ਵੇਲੇ ਦੱਸੀ ਹੋਈ ਭੁੱਲ ਬਾਰੇ, ਬਾਹਰ ਆ ਕੇ ਕੋਈ ਸੰਗਤ ਵਿਚ ਜ਼ਾਹਰ ਨਾ ਕਰ ਦੇਵੇ।

ਪੁੱਗ ਖਲੋਤੇ ਗੁਰਮੁਖ ਪਿਆਰੇ ਦੱਸਦੇ ਸਨ ਕਿ ਸੀਨਾ-ਬਸੀਨਾ ਚਲੀ ਆ ਰਹੀ ਧੁਰ-ਦਰਗਾਹੀ ਗੁਪਤ ਪਰੰਪਰਾ ਮੁਤਾਬਕ ਗੁਰੂ ਸਾਹਿਬ ਦੇ ਤਾਬਿਆ ਪੰਚਾਂ ਸਨਮੁਖ ਜ਼ਾਹਰ ਕੀਤੀ ਕਿਸੇ ਐਸੀ ਭੁੱਲ ਦਾ ਭੇਦ/ ਜ਼ਿਕਰ ਅੰਦਰ ਤੱਕ ਹੀ ਸੀਮਤ ਰਹਿੰਦਾ ਹੈ। ਬਾਹਰ ਆ ਕੇ ਪੰਚਾਂ ਵਿਚੋਂ ਕੋਈ ਵੀ ਸੱਜਣ, ਸੇਵਾ ਨਿਭਾਉਣ ਉਪਰੰਤ ਇਕੱਲਿਆਂ ਕਦੇ ਵੀ ਸੰਗਤ ਨੂੰ ਨਹੀਂ ਜਣਾਉਂਦਾ।

ਇਹ ਖਦਸ਼ਾ ਅੱਜ ਦੇ ਸਮੇਂ ਬਹੁਤ ਸਾਰੇ ਪਤਿਤ ਹੋਏ ਪ੍ਰਾਣੀਆਂ ਨੂੰ ਦੁਬਿਧਾ ਵਿਚ ਪਾ ਕੇ ਰਸਾਤਲ (ਨਰਕਾਂ) ਵੱਲ ਧੂਹਣ ਲਈ ਜ਼ਿੰਮੇਵਾਰ ਹੈ, ਜਿਸ ਵਿਚੋਂ ਕੱਢਣ ਲਈ ਦੇਸ਼-ਵਿਦੇਸ਼ਾਂ ਵਿਚ ਰਹਿੰਦੇ ਸਭ ਗੁਰਸਿੱਖਾਂ ਨੂੰ ਜਾਣੂ ਕਰਵਾਉਣਾ ਬਣਦਾ ਹੈ।

ਗੁਰ-ਦੀਖਿਅਤ ਹੋਣ ਉਪਰੰਤ ਜੋ ਜਗਿਆਸੂ ਭੈ-ਭਾਵਨੀ ਸਹਿਤ ਲੀਹਾਂ ਅੰਦਰ ਚੱਲਦਿਆਂ ਗੁਰਮਤਿ ਕਥਨੀ, ਕਰਨੀ, ਰਹਿਣੀ, ਬਹਿਣੀ ਦੇ ਸੂਰੇ ਹੁੰਦਿਆਂ ਦੈਵੀ ਗੁਣ (ਸਤ, ਸੰਤੋਖ, ਦਇਆ, ਧਰਮ, ਧੀਰਜ, ਨਿਮਰਤਾ, ਖਿਮਾਂ, ਮਿੱਠਾ-ਬੋਲਣ) ਅਪਨਾਉਂਦੇ ਹਨ, ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਬੱਜਰ ਕੁਰਹਿਤਾਂ ਤੋਂ ਬਚਣ ਲਈ ਸਦਾ ਯਤਨਸ਼ੀਲ-ਸਾਵਧਾਨ ਰਹਿੰਦੇ ਹਨ, ਉਹ ਗੁਰਦੇਵ ਪਿਤਾ ਜੀ ਦੀ ਰਹਿਮਤ ਸਦਕਾ ਜੀਵਨ ਸਫਲ ਕਰ ਜਾਂਦੇ ਹਨ।

**• ਪ੍ਰੀਤਮ ਪ੍ਰੀਤਿ ਬਨੀ ਅਭ ਐਸੀ ਜੋਤੀ ਜੋਤਿ ਮਿਲਾਈ ॥੨ ॥ ( ॥੮ ॥੧ ॥)**

**(ਮਲਾਰ ਮ: ੧ ਅਸਟਪਦੀਆ ਘਰੁ ੧, ਅੰਗ: ੧੨੭੩)**

**• ਰਤੇ ਸੇਈ ਜਿ ਮੁਖੁ ਨ ਮੋੜੰਨਿ੍ ਜਿਨ੍ਹੀ ਸਿਞਾਤਾ ਸਾਈ ॥... ॥੧ ॥ ( ॥੨੨ ॥)**

**(ਸਲੋਕ ਮ: ੫, ਅੰਗ: ੧੪੨੫)**

**• ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ ॥... ॥੮ ॥੨ ॥੯ ॥**

**(ਆਸਾ ਮ: ੪, ਅੰਗ: ੪੪੪)**

**• ਦਾਸ ਅਨਿੰਨ ਮੇਰੋ ਨਿਜ ਰੂਪ ॥... ॥੧ ॥ ( ॥੨ ॥੩ ॥)**

**(ਸਾਰੰਗ ਬਾਣੀ ਨਾਮਦੇਉ ਜੀ ਕੀ, ਅੰਗ: ੧੨੫੨)**

**• ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥੧੭ ॥**

**(ਬਿਹਾਗੜੇ ਕੀ ਵਾਰ ਮ: ੪, ਅੰਗ: ੫੫੫)**

**• ਅਬ ਮੋਹਿ ਜੀਵਨ ਪਦਵੀ ਪਾਈ॥ ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥੧ ॥ ( ॥੪ ॥੬ ॥)**

**(ਮਾਰੂ ਮ: ੫, ਅੰਗ: ੧੦੦੦)**

**• ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥੧ ॥ ( ॥੧ ॥੩ ॥)**

**(ਧਨਾਸਰੀ ਮ: ੫ ਘਰੁ ੬ ਅਸਟਪਦੀ, ਅੰਗ: ੬੮੭)**

**• ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥... ॥੩੮ ॥ ( ॥੪੦ ॥੧ ॥)**

**(ਰਾਮਕਲੀ ਮ: ੩ ਅਨੰਦੁ, ਅੰਗ: ੯੨੨)**

ਦਾਸ, ਨਿਮਾਣੇ ਸੇਵਕ ਵਲੋਂ ਲੇਖ ਲਿਖਣ ਦਾ ਇਹੀ ਉਦੇਸ਼ ਹੈ ਕਿ ਸੰਗਤਾਂ ਵਿਚ ਗੁਰ-ਮਰਯਾਦਾ, ਗੁਰ-ਹੁਕਮਾਂ ਪ੍ਰਤੀ ਨਿਰਮਲ-ਭੈਅ ਪੈਦਾ ਹੋਵੇ।

Postal Registration No.CHD/0178/2015-2017

ਫਿਰਿ ਬਾਬਾ ਆਇਆ ਕਰਤਾਰਪੁਰਿ
ਭੇਖੁ ਉਦਾਸੀ ਸਗਲ ਉਤਾਰਾ।
ਪਹਿਰਿ ਸੰਸਾਰੀ ਕਪੜੇ ਮੰਜੀ
ਬੈਠਿ ਕੀਆ ਅਵਤਾਰਾ।

